ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਗੁਰਮਤਿ ਪ੍ਰਚਾਰਕ ੴ ਅੱਧ-ਮਾਸਕ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ ॥

# ਸੂਰਾ

ਪਟਿਆਲਾ

## ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣਿ ਸਬਾਈ ॥

5 August 1970

੫ ਅਗਸਤ ੧੯੭੦



ਸੂਰਾ ਪ੍ਰੈਸ ਪਟਿਆਲਾ ਦੀ ਚੌਥੀ ਵਰ੍ਹੇਗੰਢ ਦੇ ਸੰਬੰਧ ਵਿਚ ਗੁ: ਕਲਗੀਧਰ ਸਭਾ, ਪਟਿਆਲਾ ਵਿਖੇ ਹੋਏ ਰੈਣ ਸਬਾਈ ਕੀਰਤਨ ਸਮਾਗਮ ਵਿਚ ਪਟਿਆਲਾ, ਦਿਲੀ, ਲੁਧਿਆਣਾ, ਸ਼ਤਰਾਣਾ, ਬਸੀ ਪਠਾਣਾਂ ਆਦਿ ਥਾਵਾਂ ਤੋਂ ਪੁਜ ਕੇ ਕੀਰਤਨੀਏ ਸਿੰਘ ਹਰ-ਜਸ ਦੀਆਂ ਘੁੰਮਰਾਂ ਪਾ ਰਹੇ ਹਨ ।

www.AKJ.Org

# ਲੇਖ-ਸੂਚੀ


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਹਠ ਜੋਗ ਦੇ ਮੁਕਾਬਲੇ ਸਹਿਜ ਯੋਗ | ੭ | ਗੁਰਪੁਰਵਾਸੀ ਭਾ: ਸਾਹਿਬ ਭਾ: ਰਣਧੀਰ ਸਿੰਘ ਜੀ |
| ੨ | ਪਿਰ ਕਿਵ ਮਿਲੇ | ੧੩ | ਪ੍ਰੋ: ਹਰਬੰਸ ਸਿੰਘ ਜੀ |
| ੩ | ਕੀ ਗੁਰੂ ਨਾਨਕ ਜੀ ਵਿਚ ਕੋਈ ਸ਼ਕਤੀ ਹੀ ਨਹੀਂ ਸੀ ? | ੧੭ | ਗਿ: ਗੁਰਦਿਤ ਸਿੰਘ ਜੀ ਸੰਪਾਦਕ ਪ੍ਰਕਾਸ਼,ਪਟਿਆਲਾ |
| ੪ | ਸ਼ਬਦਾਅਵਤਾਰ ਗੁਰੂ ਗ੍ਰੰਥ ਸਾਹਿਬ ਜੀ | ੨੦ | ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ |
| ੫ | ਨਣਕਾਣੇ ਸਾਹਿਬ ਦਾ ਸਾਕਾ | ੨੫ | ਸ: ਜਸਮੇਰ ਸਿੰਘ ਜੀ 'ਪਾਲ' ਚੰਡੀਗੜ੍ਹ |
| ੬ | ਨਾਨਕ ਨਾਮ ਜਹਾਜ਼ ਹੈ | ੨੯ | ਭਾ: ਜਸਬੀਰ ਸਿੰਘ ਜੀ 'ਬੀਰ' ਪਟਿਆਲਾ |
| ੭ | ਸਿਖੀ ਜੀਵਨ ਤੇ ਮਨ ਦਾ ਮੂਡ | ੩੫ | ਸ: ਗੁਰਚਰਨ ਸਿੰਘ ਜੀ, ਪਟਿਆਲਾ |


## ਅਖੰਡ ਕੀਰਤਨ ਸਮਾਗਮ ਅੰਬਾਲਾ ਛਾਉਣੀ ਗੁ: ਗੋਬਿੰਦ ਨਗਰ ਦਾ ਪ੍ਰੋਗਰਾਮ

੧੨-੮-੭੦ ਬੁਧਵਾਰ ਸਵੇਰੇ ੫ ਵਜੇ ਕੀਰਤਨ ਤੇ ਅਰੰਭ ਸ੍ਰੀ ਅਖੰਡ ਪਾਠ

੧੪-੮-੭੦ ਸ਼ੁਕਰਵਾਰ ਸਵੇਰੇ ੫ ਤੋਂ ੧੨ ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ ਆਸਾ ਜੀ ਦੀ ਵਾਰ ਅਤੇ ਸ਼ਾਮ ਨੂੰ ੭ ਤੋਂ ੧੦ ਤਕ ਕੀਰਤਨ।

੧੫-੮-੭੦ ਸਨੀਚਰਵਾਰ ਸਵੇਰੇ ੫ ਤੋਂ ੧੨ ਤਕ ਕੀਰਤਨ ਆਸਾ ਜੀ ਦੀ ਵਾਰ ਅਤੇ ਰਾਤ ਨੂੰ ੮ ਵਜੇ ਕੀਰਤਨ ਰੈਣਸਬਾਈ ਅਰੰਭ ਹੋਵੇਗਾ, ਜਿਸਦੀ ਸਮਾਪਤੀ ਐਤਵਾਰ ੧੬ ਅਗਸਤ ਨੂੰ ਸਵੇਰੇ ੬ ਵਜੇ ਹੋਵੇਗੀ।

ਦਾਸਰੇ—ਨਿਰਬਾਣ ਕੀਰਤਨੀ ਜਥਾ, ਅੰਬਾਲਾ ਛਾਉਣੀ।

( ਸਫ਼ਾ ੩੮ ਤੋਂ ਐਡੀਟਰ ਦੀ ਡਾਕ ਦੀ ਬਾਕੀ )

ਸ਼ਬਦ 'ਪਾਠ ਪੜਿਓ ਅਰ ਬੇਦ ਬਿਚਾਰਿਓ... ... ...ਬਾਧੇ' ਤੋਂ ਅਰੰਭ ਹੈ। ਇਸ ਅਸ਼ਟਪਦੀ ਵਿਚ ਪਹਿਲਾ ਰਹਾਉ ਹੈ 'ਪਿਆਰੇ ਇਨ ਬਿਧ ਮਿਲਣ ਨ ਜਾਈ... ... ...ਬਿਬੇਕਾ' ਸਤ ਪਦਿਆਂ ਲਈ ਇਹ ਸਥਾਈ ਹੈ। ਪਰ ਸਤਵੇਂ ਅਠਵੇਂ ਪਦੇ ਲਈ ਸਥਾਈ ਹੈ ਰਹਾਉ ਦੀ ਤੁਕ 'ਤੇਰੋ ਸੇਵਕ ਇਹ ਰੰਗ.........ਰਾਤਾ ਇਹ ਪੜ੍ਹ ਕੇ ਪਿਛਲੀ ਸਥਾਈ ਗਾ ਕੇ ਭੋਗ ਪਾਣਾ ਯੋਗ ਹੈ।

ਸੋਰਠ ਰਾਗ ਦਾ ਇਕ ਹੋਰ ਸ਼ਬਦ ਲਵੋ। 'ਮਨੁ ਹਾਲੀ ਕਿਰਸਾਣੀ ਕਰਨੀ......' ਸ਼ਬਦ ਦਾ ਅਰੰਭ ਹੈ। ਪਰ ਰਹਾਉ ਦੀ ਤੁਕ 'ਬਾਬਾ ਮਾਇਆ ਸਾਥ ਨ ਹੋਇ।.........ਕੋਇ' ਸੈਂਟਰਲ ਆਈਡੀਆ ਹੈ। ਇਸ ਤੁਕ ਨੂੰ ਹੀ ਸਥਾਈ ਬਣਾਉ ਅਰਥਾਤ ਬਾਰ ਬਾਰ ਪੜ੍ਹੋ। ਇਕ ਹੋਰ ਸ਼ਬਦ 'ਅਵਲ ਅਲਹ ਨੂਰ ਉਪਾਇਆ ......' ਤੋਂ ਅਰੰਭ ਹੁੰਦਾ ਹੈ ਪਰ ਰਹਾਉ ਦੀ ਤੁਕ ਹੈ 'ਲੋਗਾ ਭਰਮ ਨ ਭੂਲੋ ਭਾਈ।.........ਠਾਈ' ਇਹ ਹੀ ਸੈਂਟਰਲ ਆਈਡੀਆ ਜਾਂ ਗਭਲਾ ਵਿਚਾਰ ਹੈ। ਹਾਂ ਜਿਥੇ ਰਹਾਉ ਦੀ ਸੂਚਨਾ ਨਹੀਂ ਫਿਰ ਗੁਰੂ ਦੀ ਬਖਸ਼ੀ ਮਤਿ ਅਨੁਸਾਰ ਯੋਗ ਸਥਾਈ ਕੋਈ ਪਾਲ ਚੁਣ ਲਵੇ। ਪਰ ਜਿਥੇ ਰਹਾਉ ਦੀ ਸੂਚਨਾ ਹੈ ਉਥੇ ਸਥਾਈ ਰਹਾਉ ਦੀ ਤੁਕ ਹੀ ਯੋਗ ਹੈ। ਆਪਣੀ ਮੱਤ ਨ ਵਰਤੋ ਜੀ। ਹਾਲੀ ਇਸੀ ਖ਼ਿਆਲ ਤੇ ਦ੍ਰਿੜਤਾ ਕਾਇਮ ਰਖੋ ਜੀ।

ਹੋਰ ਸੁਮੱਤ ਦੀ ਬਖ਼ਸ਼ਸ਼ ਤੇ ਵਿਚਾਰ ਬਦਲਣ ਲਈ ਦਾਸ ਨੂੰ ਕੋਈ ਹਠ ਨਹੀਂ ਹੋਵੇਗਾ ਸਗੋਂ ਹਾਰਦਿਕ ਧੰਨਵਾਦ ਸਹਿਤ ਚਰਨ ਪਰਸਣ ਵਿਚ ਧੰਨ ਭਾਗ ਸਮਝੇਗਾ। ਦਾਸ—ਨਿਹਾਲ ਸਿੰਘ

**ਪਾਠਕਾਂ ਪ੍ਰਤੀ** ਜ਼ਰੂਰੀ ਬੇਨਤੀ ਹੈ ਕਿ ਪਿਛਲੇ ਮਹੀਨੇ ੫ ਜੁਲਾਈ ਦਾ ਸੂਰਾ ਬਿਜਲੀ ਦੀ ਤੰਗੀ ਤੇ ਹੋਰ ਕੁਝ ਕਾਰਨਾਂ ਕਰਕੇ ਨਹੀਂ ਸੀ ਛਪ ਸਕਿਆ, ੨੦ ਜੁਲਾਈ ਦੇ ਪਰਚੇ ਵਿਚ ਇਹ ਨੋਟ ਦੇਣਾ ਭੁਲ ਗਏ ਸੀ, ਜਿਸ ਦੀ ਪਾਠਕਾਂ ਤੋਂ ਖਿਮਾਂ ਚਾਹੁੰਦੇ ਹਾਂ।

—ਮੈਨੇਜਰ, ਸੂਰਾ

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





**ਸਾਲਾਨਾ ਚੰਦਾ**

ਦੇਸ 12 ਰੁਪਏ
ਪ੍ਰਦੇਸ ਸਮੁੰਦਰੀ ਡਾਕ 20 ਰੁਪਏ
ਪ੍ਰਦੇਸ ਹਵਾਈ ਡਾਕ 60 ਰੁਪਏ

ਲਾਈਫ ਮੈਂਬਰ 250 ਰੁਪਏ

ਪ੍ਰਤੀ ਕਾਪੀ 70 ਪੈਸੇ


### ਗੁਰਮਤਿ ਪ੍ਰਚਾਰਕ ਅੱਧ-ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੫ ਅਗਸਤ ਮੁਤਾਬਕ ੨੦ ਸਾਵਣ ੫੦੧ ਨਾਨਕ ਸ਼ਾਹੀ [ ਅੰਕ ੧੨


ਸਾਵਣਿ ਸਰਸੀ ਕਾਮਣੀ, ਚਰਣ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ, ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ, ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ, ਮਿਲਿ ਸਾਧੂ ਪੀਵਣਹਾਰੁ ॥
ਵਣੁ ਤ੍ਰਿਣੁ ਪ੍ਰਭ ਸੰਗਿ ਮਉਲਿਆ, ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ, ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ, ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ, ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ, ਜਿਨ ਰਾਮੁ ਨਾਮੁ ਉਰਿ ਹਾਰੁ ॥ ੬ ॥

(ਬਾਰਹਮਾਹਾ ਮਾਝ ਮਹਲਾ ੫, ਘਰੁ ੪)


ਮੁਖ ਸੰਪਾਦਕ:
ਪਿਆਰਾ ਸਿੰਘ

ਆਨਰੇਰੀ ਸੰਪਾਦਕ:
ਸਰਦਾਰ ਸਿੰਘ (Rtd. S.D.O.)



ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਾ ਕੇ ਦਫਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ ਨੂੰ ਪ੍ਰਕਾਸ਼ਤ ਕੀਤਾ।



www.AKJ.Org

# ਅਖੰਡ ਕੀਰਤਨੀ ਜਥਿਆਂ ਵਲੋਂ ਦਖਣੀ ਪਛਮੀ ਭਾਰਤ ਦੇ

# ਪਰਚਾਰ ਦੌਰੇ ਦਾ ਪ੍ਰੋਗਰਾਮ

## ਪਟਿਆਲੇ ਤੋਂ ਜੱਥਾ ੮ ਅਕਤੂਬਰ ਨੂੰ ਚਲਕੇ ੧ ਨਵੰਬਰ ਨੂੰ ਵਾਪਸ ਪਰਤੇਗਾ

### – ਦਿਲੀ ਦੇ ਸਾਲਾਨਾ ਸਮਾਗਮ ਤੋਂ ਯਾਤਰਾ ਆਰੰਭ –

ਅਖੰਡ ਕੀਰਤਨੀ ਜੱਥਾ ਪਟਿਆਲਾ ਨੂੰ ਸੰਗਤਾਂ ਵਲੋਂ ਵਖੋ ਵਖਰੇ ਥਾਵਾਂ ਤੋਂ ਸਮਾਗਮਾਂ ਲਈ ਪੁਜ ਰਹੇ ਹੁਕਮਨਾਮਿਆਂ ਦੀ ਪੂਰਤੀ ਨਾ ਹੋ ਸਕਣ ਦੀ ਮਜਬੂਰੀ ਪਰ ਸੰਗਤਾਂ ਦੀ ਮੰਗ ਕਾਰਨ, ਭਾਰਤ ਯਾਤਰਾ ਦਾ ਇਕ ਪਰੋਗਰਾਮ ਬਣਾ ਕੇ ਪਿਛਲੇ 'ਸੂਰਾ' ਦੇ ਪਰਚਿਆਂ ਵਿਚ ਦਿਤਾ ਗਿਆ ਸੀ, ਜਿਸ ਲਈ ਥਾਂ ਥਾਂ ਤੋਂ ਸੰਗਤਾਂ ਵਲੋਂ ਪ੍ਰਵਾਨਗੀ ਪਤ੍ਰਾਂ ਤੋਂ ਇਲਾਵਾ ਜੋ ਹੁਕਮਨਾਮੇ ਪੁਜੇ ਹਨ ਉਹਨਾਂ ਮੁਤਾਬਕ ਜੇ ਪਰੋਗਰਾਮ ਬਣਾਇਆ ਤੇ ਨਿਭਾਇਆ ਜਾਵੇ ਤਾਂ ਦੋ ਮਹੀਨੇ ਦਾ ਦੌਰਾ ਇਕ ਪਾਸੇ ਦਾ ਬਣ ਜਾਂਦਾ ਹੈ।

ਸਮੂੰਹ ਸੰਗਤਾਂ ਤੋਂ ਖਿਮਾਂ ਮੰਗਦਿਆਂ ਹੋਇਆਂ ਖ਼ਾਸ ਕਰਕੇ ਉਹਨਾਂ ਸ਼ਹਿਰਾਂ ਦੀਆਂ ਸੰਗਤਾਂ ਤੋਂ ਜਿਨ੍ਹਾਂ ਦੇ ਬਹੁਤ ਹੀ ਕਰੜੇ ਤੇ ਤਾਕੀਦੀ ਹੁਕਮਨਾਮੇ ਸਨ ਪਰ ਪਰੋਗਰਾਮ ਰਖੇ ਨਹੀਂ ਜਾ ਸਕੇ, ਸੋਚ ਵਿਚਾਰ ਕੇ ਹੇਠ ਲਿਖੇ ਅਨੁਸਾਰ ਪਰੋਗਰਾਮ ਬਣਾਇਆ ਗਿਆ ਹੈ, ਆਸ਼ਾ ਹੈ ਸਬੰਧਤ ਥਾਵਾਂ ਦੀਆਂ ਸੰਗਤਾਂ ਪ੍ਰਵਾਨ ਕਰਨਗੀਆਂ ਅਤੇ ਜੋ ਸ਼ਹਿਰ ਰਹਿ ਗਏ ਹਨ ਅਤੇ ਜਿਨ੍ਹਾਂ ਵਲੋਂ ਵਧੇਰੇ ਸਮੇਂ ਦੀ ਮੰਗ ਹੈਸੀ ਉਹ ਸੇਵਕਾਂ ਨੂੰ ਖਿਮਾਂ ਕਰਨਗੇ।

| ਕਿਥੋਂ ਕਿਥੇ ? | ਚਲਣ ਦਾ ਸਮਾਂ | ਮਿਤੀ | ਵਾਰ | ਦੇਸੀ ਤਾਰੀਖ਼ | ਪਹੁੰਚ ਦਾ ਸਮਾਂ |
|---|---|---|---|---|---|
| ਪਟਿਆਲੇ ਤੋਂ ਦਿਲੀ | 6 ਵਜੇ ਸ਼ਾਮ | 8.10.70 | ਵੀਰਵਾਰ | 23 ਅੱਸੂ | 11 ਵਜੇ ਸ਼ਾਮ |
| ਦਿਲੀ ਠਹਿਰਾਉ | — | 9.10.70 | ਸ਼ੁਕਰਵਾਰ | 24 ਅੱਸੂ | — |
| — | — | 01.10.70 | ਸ਼ਨੀਵਾਰ | 25 ਅੱਸੂ | — |
| ਦਿਲੀ ਤੋਂ ਜੈਪੁਰ | 9 ਵਜੇ ਸਵੇਰੇ | 11.10.70 | ਐਤਵਾਰ | 26 ਅੱਸੂ | 4 ਵਜੇ ਸ਼ਾਮ |
| ਜੈਪੁਰ ਤੋਂ ਕੋਟਾ | 8 ਵਜੇ ਸਵੇਰੇ | 12.10.70 | ਸੋਮਵਾਰ | 27 ਅੱਸੂ | 4 ਵਜੇ ਸ਼ਾਮ |
| ਕੋਟਾ ਠਹਿਰਾਉ | — | 13.10.70 | ਮੰਗਲਵਾਰ | 28 ਅੱਸੂ | — |
| ਕੋਟਾ ਤੋਂ ਬੜੌਦਾ | 4 ਵਜੇ ਸਵੇਰੇ | 14.10.70 | ਬੁਧਵਾਰ | 29 ਅੱਸੂ | 6 ਵਜੇ ਸ਼ਾਮ |
| ਬੜੌਦਾ ਤੋਂ ਬੰਬਈ | 8 ਵਜੇ ਸਵੇਰੇ | 15.10.70 | ਵੀਰਵਾਰ | 30 ਅੱਸੂ | 7 ਵਜੇ ਸ਼ਾਮ |
| ਬੰਬਈ ਠਹਿਰਾਉ | — | 16.10.70 | ਸ਼ੁਕਰਵਾਰ | 31 ਅੱਸੂ | — |

www.AKJ.Org

| | | | | | |
|---|---|---|---|---|---|
| — | — | 17.10.70 | ਸ਼ਨੀਵਾਰ | 1 ਕਤਕ | — |
| ਬੰਬਈ ਤੋਂ ਪੂਨਾ | 11 ਵਜੇ ਸਵੇਰੇ | 18.10.70 | ਐਤਵਾਰ | 2 ਕਤਕ | 3 ਵਜੇ ਸ਼ਾਮ |
| ਪੂਨਾ ਠਹਿਰਾਉ | — | 19.10.70 | ਸੋਮਵਾਰ | 3 ਕਤਕ | — |
| ਪੂਨਾ ਤੋਂ ਹਜ਼ੂਰ ਸਾਹਿਬ | 6 ਵਜੇ ਸਵੇਰੇ | 20.10.70 | ਮੰਗਲਵਾਰ | 4 ਕਤਕ | 4 ਵਜੇ ਸ਼ਾਮ |
| ਹਜ਼ੂਰ ਸਾਹਿਬ ਠਹਿਰਾਉ | — | 21.10.70 | ਬੁਧਵਾਰ | 5 ਕਤਕ | — |
| ਹਜ਼ੂਰ ਸਾਹਿਬ ਤੋਂ ਇੰਦੌਰ | 5 ਵਜੇ ਸਵੇਰੇ | 22.10.70 | ਵੀਰਵਾਰ | 6 ਕਤਕ | 5 ਵਜੇ ਸ਼ਾਮ |
| ਇੰਦੌਰ ਤੋਂ ਭੋਪਾਲ | 1 ਵਜੇ ਦੁਪਹਿਰ | 23.10.70 | ਸ਼ੁਕਰਵਾਰ | 7 ਕਤਕ | 6 ਵਜੇ ਸ਼ਾਮ |
| ਭੋਪਾਲ ਠਹਿਰਾਉ | — | 24.10.70 | ਸ਼ਨੀਵਾਰ | 8 ਕਤਕ | — |
| ਭੋਪਾਲ ਤੋਂ ਗਵਾਲੀਅਰ | 6 ਵਜੇ ਸਵੇਰੇ | 25.10.70 | ਐਤਵਾਰ | 9 ਕਤਕ | 5 ਵਜੇ ਸ਼ਾਮ |
| ਗਵਾਲੀਅਰ ਤੋਂ ਆਗਰਾ | 12 ਵਜੇ ਦੁਪਹਿਰ | 26.10.70 | ਸੋਮਵਾਰ | 10 ਕਤਕ | 6 ਵਜੇ ਸ਼ਾਮ |
| ਆਗਰਾ ਤੋਂ ਮਥਰਾ | 3 ਵਜੇ ਸ਼ਾਮ | 27.10.70 | ਮੰਗਲਵਾਰ | 11 ਕਤਕ | 5 ਵਜੇ ਸ਼ਾਮ |
| ਮਥਰਾ ਤੋਂ ਮੇਰਠ | 11 ਵਜੇ ਸਵੇਰੇ | 28.10.70 | ਬੁਧਵਾਰ | 12 ਕਤਕ | 6 ਵਜੇ ਸ਼ਾਮ |
| ਮੇਰਠ ਠਹਿਰਾਉ | — | 29.10.70 | ਵੀਰਵਾਰ | 13 ਕਤਕ | — |
| ਮੇਰਠ ਤੋਂ ਹਰਿਦੁਆਰ | 10 ਵਜੇ ਸਵੇਰੇ | 30.10.70 | ਸ਼ੁਕਰਵਾਰ | 14 ਕਤਕ | 3 ਵਜੇ ਸ਼ਾਮ |
| ਹਰਿਦੁਆਰ ਤੋਂ ਰੁੜਕੀ | 12 ਵਜੇ ਦੁਪਹਿਰ | 31.10.70 | ਸ਼ਨੀਵਾਰ | 15 ਕਤਕ | 5 ਵਜੇ ਸ਼ਾਮ |
| ਰੁੜਕੀ ਤੋਂ ਜਗਾਧਰੀ | 12 ਵਜੇ ਦੁਪਹਿਰ | 1.11.70 | ਐਤਵਾਰ | 16 ਕਤਕ | 4 ਵਜੇ ਸ਼ਾਮ |
| ਜਗਾਧਰੀ ਤੋਂ ਪਟਿਆਲਾ | 9 ਵਜੇ ਰਾਤ | 1.11.70 | ਐਤਵਾਰ | 16 ਕਤਕ | 12 ਵਜੇ ਰਾਤ |

ਨੋਟ :—1. ਸੰਗਤਾਂ ਪ੍ਰਤੀ ਜਾਣਕੇ ਪ੍ਰਸੰਨਤਾ ਹੋਵੇਗੀ ਕਿ ਇਸ ਪ੍ਰਚਾਰ ਦੌਰੇ ਲਈ ਸ੍ਰੀਮਾਨ ਗੁਰਮੁਖ ਪਿਆਰੇ ਬਾਬੂ ਮਲ ਸਿੰਘ ਜੀ, ਗੁਰੂ ਕੇ ਕੀਰਤਨੀਏ ਭਾਈ ਜੀਵਣ ਸਿੰਘ ਜੀ ਲੁਧਿਆਣਾ ਅਤੇ ਭਾਈ ਪ੍ਰੀਤਮ ਸਿੰਘ ਜੀ 'ਚਾਨੀ' ਦਿਲੀ ਦੀਆਂ ਪ੍ਰਵਾਨਗੀਆਂ ਲੈ ਲਈਆਂ ਗਈਆਂ ਹਨ ।

ਗੁਰੂ ਕੇ ਕੀਰਤਨੀਏ ਭਾਈ ਜੋਗਿੰਦਰ ਸਿੰਘ ਜੀ 'ਤਲਵਾੜਾ', ਭਾਈ ਮੇਹਰ ਸਿੰਘ ਜੀ 'ਦਿਲੀ' ਅਤੇ ਭਾਈ ਨੌਹਰੀਆ ਸਿੰਘ ਜੀ 'ਕਾਲਕਾ' ਤੋਂ ਭੀ ਪ੍ਰਵਾਨਗੀ ਦੀ ਪੂਰੀ ਪੂਰੀ ਆਸ ਹੈ ।

2. ਸਮੇਂ ਵਿਚ ਲੋੜ ਅਨੁਸਾਰ ਤਬਦੀਲੀ ਕਰਨ ਦਾ ਅਧਿਕਾਰ ਮੁਖ ਪ੍ਰਬੰਧਕਾਂ ਨੂੰ ਹੋਵੇਗਾ ।

ਹਰ ਪ੍ਰਕਾਰ ਦੀ ਪੁਛ ਗਿਛ ਲਈ :—
ਭਾਈ ਮਹਿੰਦਰ ਸਿੰਘ
12–ਈ, ਮਾਲਵਾ ਕਾਲੋਨੀ,
(ਨਿਊ ਮੋਤੀ ਪੈਲਸ ਦੇ ਪਿਛਲੇ ਪਾਸੇ) ਪਟਿਆਲਾ

ਦਾਸਰੇ—
ਅਖੰਡ ਕੀਰਤਨੀ ਜਥਾ,
ਪਟਿਆਲਾ

www.AKJ.Org

## ਚਿਤ ਨ ਭਯੋ ਹਮਰੋ ਆਵਨ ਕਹ ॥ ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ ॥

# ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਪਰੋਗਰਾਮ

| ਤਾਰੀਖ਼ | ਕਾਰਜ | ਸਵਾਰੀ | ਪੈਂਡਾ ਮੀਲ | ਸਮੁੰਦਰ ਤੋਂ ਉਚਾਈ |
|---|---|---|---|---|
| ੬-੯-੭੦ | ਸਵੇਰੇ ਚੰਡੀਗੜ੍ਹ ਸ੍ਰੀ ਅਖੰਡ ਪਾਠ ਦੀ ਸਮਾਪਤੀ ਉਪਰੰਤ ਰਿਖੀਕੇਸ਼ ਨੂੰ ਰਵਾਨਗੀ। | ਬਸ | — | |
| ੬-੯-੭੦ | ਰਿਖੀਕੇਸ਼ ਗੁਰਦਵਾਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੀ ਨਵੀਂ ਇਮਾਰਤ ਵਿਖੇ ਸ਼ਾਮ ਨੂੰ ਧਾਰਮਕ ਦੀਵਾਨ, ਜਾਣ ਪਛਾਣ ਅਤੇ ਸਾਰੇ ਪ੍ਰੋਗਰਾਮ ਦਾ ਵੇਰਵਾ। | — | — | ੧੩੦੦ ਫੁਟ |
| ੭-੯-੭੦ | ਗੁਰਦਵਾਰਾ ਰਿਖੀਕੇਸ਼ ਵਿਖੇ ਨਿਤਨੇਮ ਉਪਰੰਤ ਸ੍ਰੀ ਨਗਰ ਲਈ ਬਸਾਂ ਤੇ ਰਵਾਨਗੀ (ਬਿਸਰਾਮ ਰਾਤ ਗੁਰਦਵਾਰਾ ਸ੍ਰੀ ਨਗਰ) | ਬਸ | ੬੭ | ੩੫੦੦ |
| ੮-੯-੭੦ | ਸ੍ਰੀ ਨਗਰ ਤੋਂ ਗੋਬਿੰਦ ਘਾਟ (੫ ਵਜੇ ਸਵੇਰੇ) | ,, | ੧੦੩ | ੬੦੦੦ |
| ੯-੯-੭੦ | ਨਿਤਨੇਮ ਉਪਰੰਤ ਗੋਬਿੰਦ ਧਾਮ ਲਈ ਕਮਰਕੱਸਾ। | ਪੈਦਲ | ੭॥ | ੧੦੫੦੦ |
| ੧੦-੯-੭੦ | ਨਿਤਨੇਮ ਉਪਰੰਤ ਸ੍ਰੀ ਹੇਮਕੁੰਟ ਸਾਹਿਬ ਲਈ ਕਮਰਕੱਸਾ, ਰਾਤ ਨੂੰ ਰੈਣ ਸਬਾਈ ਕੀਰਤਨ। | ,, | ੩॥ | ੧੫੧੧੦ |
| ੧੧-੯-੭੦ | ਸ੍ਰੀ ਹੇਮਕੁੰਟ ਸਾਹਿਬ ਅਸਥਾਨ ਅਤੇ ਸਰੋਵਰ ਦੀ ਪ੍ਰਕਰਮਾ ਅਤੇ ਅਖੰਡ ਕੀਰਤਨ। | | | |
| ੧੨-੯-੭੦ | ਵਾਪਸੀ ਗੋਬਿੰਦ ਧਾਮ ਲਈ। | ,, | ੩॥ | ੧੦੫੦੦ |
| ੧੩-੯-੭੦ | ਗੋਬਿੰਦ ਧਾਮ ਤੋਂ ਗੋਬਿੰਦ ਘਾਟ। | ,, | ੭॥ | ੬੦੦੦ |
| ੧੪-੯-੭੦ | ਗੋਬਿੰਦ ਘਾਟ ਵਿਸਰਾਮ, ਬਸਤਰਾਂ ਦੀ ਸਫ਼ਾਈ। ਜੋ ਸਜਨ ਬਦਰੀ ਨਾਥ ਮੰਦਰ ਨੂੰ ਵੇਖਣਾ ਚਾਹੁਣ ਬਸਾਂ ਰਾਹੀਂ ਚਲੇ ਜਾਣ। | | | |
| ੧੫-੯-੭੦ | ਗੋਬਿੰਦ ਘਾਟ ਤੋਂ ਜੋਸ਼ੀ ਮਠ। | ਬਸ | ੧੨ | ੬੦੦੦ |
| ੧੬-੯-੭੦ | ਜੋਸ਼ੀ ਮਠ ਤੋਂ ਸ੍ਰੀ ਨਗਰ। | ,, | ੯੧ | ੩੭੦੦ |
| ੧੭-੯-੭੦ | ਸ੍ਰੀ ਨਗਰ ਤੋਂ ਰਿਖੀਕੇਸ਼ ਉਪਰੰਤ ਵੈਦਾਇਗੀ ਦੀਵਾਨ। | ,, | ੬੭ | ੧੩੦੦ |
| ੧੮-੯-੭੦ | ਘਰਾਂ ਨੂੰ ਚਾਲੇ। (ਜੇ ਸੰਗਤ ਦਾ ਉਤਸ਼ਾਹ ਹੋਇਆ ਤਾਂ ਹਰਦਵਾਰ ਗੁਰਦਵਾਰਿਆਂ ਦੇ ਦਰਸ਼ਨ) | ,, | | |

ਨੋਟ—ਬਸਾਂ ਵਿਚ ਅਤੇ ਪੈਦਲ ਚਲਦਿਆਂ ਸੰਗਤਾਂ ਕੀਰਤਨ, ਗੁਰਬਾਣੀ ਦੇ ਪਾਠ ਅਤੇ ਸਿਮਰਣ ਦਾ ਲਾਹਾ ਲੈਣਗੀਆਂ। ਜੇ ਕਿਸੇ ਕਾਰਨ ਯਾਤਰਾ ਦੇ ਪ੍ਰੋਗਰਾਮ ਵਿਚ ਤਬਦੀਲੀ ਦੀ ਲੋੜ ਹੋਈ ਤਾਂ ਕੀਤੀ ਜਾਵੇਗੀ।

ਜਿਸ ਗੁਰਮੁਖ ਨੇ ਇਸ ਪਾਵਨ ਯਾਤਰਾ ਵਿਚ ਸ਼ਾਮਲ ਹੋਣਾ ਹੋਵੇ, ਦਾਸ ਨੂੰ ਚਿੱਠੀ ਲਿਖਣ ਦੀ ਕਿਰਪਾ ਕਰੇ।

ਦਾਸ—ਹਰਿਚਰਨ ਸਿੰਘ, ਪੀ.ਐਸ.ਐਸ.
ਹਾਲ, ਅਠਵੀਂ ਛੱਤ, ਪੰਜਾਬ ਸਿਵਲ ਸੈਕਟਰੀਏਟ, ਚੰਡੀਗੜ੍ਹ



www.AKJ.Org

# ਹਠ ਜੋਗ ਦੇ ਮੁਕਾਬਲੇ ਸਹਿਜ ਜੋਗ

(ਵਲੋਂ—ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ । ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ । ੧ । ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗਿ । ਅੰਮ੍ਰਿਤ ਨਾਮ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ । ੧ । ਰਹਾਉ । ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ । ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ । ੨ । ਪਤੁ ਵੀਚਾਰ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ । ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ । ੩ । ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ । ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ । ੪ ।

ਇਹ ਗੁਰਵਾਕ ਗੁਰਮਤਿ ਰੂਪੀ ਸਚਾ ਸਹਜਿ ਗੁਰਸਿਖਾਂ ਪ੍ਰਤੀ ਦ੍ਰਿੜਾਵਣ ਲਈ ਅਤੇ ਹਠ ਯੋਗ ਦਾ ਖੰਡਨ ਕਰਨ ਲਈ ਉਚਾਰਣ ਹੋਇਆ ਹੈ, ਜੋਗੀ ਜਨ ਜੋ ਕੰਨਾਂ ਨੂੰ ਪੜਵਾ ਕੇ ਮੁੰਦ੍ਰਾਂ ਪਾਉਂਦੇ ਹਨ ਉਨ੍ਹਾਂ ਮੁੰਦਰਾਂ ਦੀ ਥਾਉਂ ਸਤਿਗੁਰੂ ਨੇ ਗੁਰਮਤਿ ਦੇ ਆਸ਼ੇ ਅਨੁਸਾਰ ਗੁਰ ਦੀਖਿਆ ਗੁਰ ਸ਼ਬਦਿ ਮੰਤਰ ਰੂਪੀ ਮੁੰਦਰਾਂ ਦਾ ਮਨ ਅੰਦਰ ਪ੍ਰੋਉਣਾ ਦ੍ਰਿੜਾਇਆ ਹੈ। ਹਠ ਜੋਗੀ ਜਨ ਜੋ ਸਦਾ ਦਿਖਾਵੇ ਮਾਤਰ ਗੋਦੜੀ (ਖਿੰਥਾ) ਪਹਿਰ ਕੇ ਸਾਰੀ ਉਮਰ ਲਈ ਭੇਖ ਧਾਰੀ ਬਣ ਕੇ ਵਿਚਰਦੇ ਹਨ, ਉਸਦੇ ਥਾਉਂ ਗੁਰੂ ਸਾਹਿਬ ਨੇ ਖਿਮਾ ਧਾਰਨ ਲਈ ਗੁਰਮਤਿ ਗੋਦੜੀ ਹੰਢਾਵਣ ਦਾ ਹੁਕਮ ਦਿਤਾ ਹੈ, ਗੁਰੂ ਘਰ ਦੀ ਸਹਿਜ ਜੋਗ ਬਿਵਸਥਾ ਦੀ ਪਰਖ ਇਹ ਹੈ ਕਿ ਸਚੇ ਗੁਰਮੁਖ ਜਨ ਵਾਹਿਗੁਰੂ ਦਾ ਭਾਣਾਂ ਹਰ ਹਾਲਤ ਵਿਚ ਭਲਾ ਕਰਕੇ ਮੰਨਦੇ ਹਨ, ਜੋ ਕੁਛ ਵਾਹਿਗੁਰੂ ਕਰੇ ਉਸ ਵਿਚ ਭਲਾ ਮਨਾਉਣਾ ਸਚੀ ਹੁਕਮ ਰਜ਼ਾ ਉਪਰ ਚਲਣਾ ਹੈ, ਗੁਰਮੁਖਿ ਜਨਾਂ ਨੇ ਰਬ ਦੇ ਭਾਣੇ ਨੂੰ ਮਿਠਾ ਕਰਕੇ ਮੰਨਣ ਦੀ ਜੋ ਗੁਰਮਤਿ ਜੁਗਤ ਗੁਰੂ ਪਾਸੋਂ ਸਿਖੀ ਹੈ ਇਹ ਹੀ ਸਹਿਜ ਜੋਗ ਦੀ ਪਰਾਪਤੀ ਦਾ ਖਜ਼ਾਨਾ ਹੈ, ਗੁਰਮਤਿ ਦਾ ਸਹਿਜ ਜੋਗ ਹਠ ਯੋਗ ਦੇ ਮੁਕਾਬਲੇ ਤੇ ਆਉਂਦਾ ਹੈ, ਨਾਮ, ਸਿਮਰਨ, ਸੇਵਾ, ਸੰਗਤ ਤੇ ਕੀਰਤਨ ਆਦਿ ਦਵਾਰਾ ਗੁਰਮੁਖਾਂ ਦੀ ਸੁਰਤੀ ਬਿਰਤੀ ਸਹਜੇ ਹੀ ਪ੍ਰਮਾਰਥੀ ਗਗਨ ਮੰਡਲਾਂ ਵਿਚ ਜਾ ਜੁੜਦੀ ਹੈ ਇਹ ਗੁਰਮਤਿ ਦਾ ਸਹਿਜ ਜੋਗ ਹੈ। ਗੁਰਮੁਖਾਂ ਦਾ ਗੁਰਮਤਿ ਜੁਗਤੀ ਦੁਆਰਾ ਜੀਉੜਾ ਸਦਾ ਹੀ ਵਾਹਿਗੁਰੂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ, ਐਸੇ ਗੁਰਮੁਖ ਜਨ ਸਦਾ ਹੀ ਜੋਗ ਬ੍ਰਿਤ ਧਾਰੀ ਰਹਿੰਦੇ ਹਨ, ਕਿਉਂਕਿ ਉਨ੍ਹਾਂ ਦਾ ਪਰਮ ਤੱਤ ਵਾਹਿਗੁਰੂ ਵਿਚ ਸਦਾ ਮੇਲ ਮਿਲਿਆ ਰਹਿੰਦਾ ਹੈ । ਹਠ ਯੋਗ ਦੀ ਸਮਾਧੀ ਦਵਾਰਾ ਆਨਮਤਿ ਯੋਗੀ ਯੋਗ ਸਾਧਨਾ ਕਰਕੇ ਮਹਿਜ਼ ਸਰੀਰਕ ਰਾਹੀਂ ਪ੍ਰਾਪਤ ਕਰਦਾ ਹੈ, ਪਰੰਤੂ ਗੁਰਮਤਿ ਸਹਿਜ ਯੋਗ ਦਾ ਅਭਿਆਸੀ ਜਨ ਅੰਮ੍ਰਿਤ ਨਾਮ ਨਿਰੰਜਨ ਦੀ ਪ੍ਰਾਪਤੀ ਕਰਕੇ ਅਤੇ ਨਾਮ ਅਭਿਆਸ ਕਮਾਈਆਂ ਕਰਕੇ ਆਤਮ ਗਿਆਨ ਰਸ ਦੇ ਪ੍ਰਮਾਰਥੀ ਭੋਗ ਭੋਗਦਾ ਹੈ । ਆਨਮਤਿ ਭੇਖ



www.AKJ.Org

ਧਾਰੀ ਜੋਗੀਆਂ ਦੇ ਆਸਨ ਬੈਸਨ ਭੇਖ ਸਭ ਹਠ ਯੋਗ ਦੇ ਹੁੰਦੇ ਹਨ ਅਤੇ ਕਲਪਨਾ ਝਗੜੇ ਵਿਚ ਹੀ ਉਨ੍ਹਾਂ ਦੀ ਬ੍ਰਿਤੀ ਖਚਤ ਰਹਿੰਦੀ ਹੈ । ਪਰੰਤੂ ਗੁਰਮਤਿ ਸਹਿਜ ਯੋਗ ਆਤਮ ਮੰਡਲ ਵਿਚ ਸੁਰਤੀ ਬਿਰਤੀ ਜਮਾਉਣ ਰੂਪੀ ਆਸਣ, ਸਚੀ ਆਸਣ ਰੂਪੀ ਗੁਰਮਤਿ ਬਿਰਤੀ ਲਗਾ ਕੇ ਬੈਠਦਾ ਹੈ । ਬਾਹਰਲੇ ਬਖੇੜਿਆਂ ਝਗੜਿਆਂ ਵਿਚ ਪੈਂਦਾ ਹੀ ਨਹੀਂ, ਭੇਖ ਧਾਰੀ ਅਨਿਮਤ ਜੋਗੀ ਬਾਰਾਂਸਿੰਗੇ ਬਜਾ ਕੇ ਕੂੜ ਦੀਆਂ ਬਾਹਰਮੁਖੀ ਧੁਨੀਆਂ ਉਠਾਉਂਦੇ ਹਨ । ਗੁਰਮਤਿ ਸਹਿਜ ਜੋਗੀ ਗੁਰਮੰਤਰ ਰੂਪੀ ਸ਼ਬਦ ਅਭਿਆਸ ਵਿਖੇ ਬ੍ਰਿਤੀ ਜੋੜ ਕੇ ਸਚੀਆਂ ਸ਼ਬਦ ਧੁਨੀਆਂ ਦਸਮ ਦੁਵਾਰ ਵਿਖੇ ਪਹੁੰਚ ਕੇ ਸੁਣਦਾ ਹੈ ਜਿਥੇ ਦਿਨੇ ਰਾਤ ਅਨਹਦ ਨਾਦ ਪੂਰੀਦੇ (ਵਜਦੇ) ਹੀ ਰਹਿੰਦੇ ਹਨ, ਹਠ ਯੋਗੀ ਆਨਮਤਿ ਭੇਖ ਜੋਗ ਦਿਖਾਉਣ ਲਈ ਖੱਪਰ, ਚਿੱਪੀ ਹਥ ਵਿਚ ਲਈ ਫਿਰਦੇ ਹਨ, ਗੁਰਮੁਖ ਜਨਾਂ ਨੇ ਗੁਰਮਤਿ ਸਹਿਜ ਜੋਗੀਆਂ ਨੇ ਨਾਮ ਅਭਿਆਸ, ਗੁਰਮਤਿ ਬੀਚਾਰ ਰੂਪੀ ਖਪਰ ਸਦਾ ਲਈ ਧਾਰਨ ਕੀਤਾ ਹੋਇਆ ਹੈ ਅਤੇ ਜੋਗੀਆਂ ਦੇ ਚਿੰਨ੍ਹ ਡੰਡੇ ਦੀ ਥਾਉਂ ਗੁਰਮਤਿ ਗਿਆਨ ਰੂਪੀ ਡੰਡਾ ਹਰਦਮ ਉਥਾਰਿਆ ਹੋਇਆ ਹੈ, ਮਨਮਤੀ ਹਠ ਜੋਗ ਵਾਲੇ ਜੋਗੀ ਜਨ ਜੋ ਬਿਭੂਤੀ (ਸਵਾਹ) ਸਰੀਰ ਤੇ ਮਲਦੇ ਹਨ ਉਸ ਦੇ ਥਾਉਂ ਗੁਰਮਤਿ ਸਹਿਜ ਜੋਗੀ ਵਾਹਿਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਸਮਝਣ ਵਾਲੀ ਆਤਮ ਬਿਭੂਤੀ ਦੇ ਸਵਾਰੀ ਰਖਣ ਵਾਲੇ ਹੁੰਦੇ ਹਨ । ਹਠ ਜੋਗੀ ਜਨ (ਅਨਮਤੀ ਜੋਗੀ) ਜੋ ਸਰੀਰ ਤੇ ਸੁਆਹ ਮਲਦੇ ਹਨ ਉਹ ਇਸ ਲਈ ਮਲਦੇ ਹਨ ਕਿ ਉਹ ਆਪਣੇ ਸਰੀਰ ਨੂੰ ਸੁਥਰਾ ਰਖਣ ਦੀ ਥਾਉਂ ਸੁਆਹ ਨਾਲ ਲਿਬੜਿਆ ਹੋਇਆ ਰਖਣ ਵਿਚ ਸੰਸਾਰਕ ਸੁਖਾਂ ਤੋਂ ਵੈਰਾਗੀ ਤਿਆਗੀ ਬਣਨ ਦਾ ਦਿਖਾਵਾ ਦਿਖਾਉਂਦੇ ਹਨ, ਇਹ ਸਭ ਪਾਖੰਡ ਰੂਪ ਹਠ ਜੋਗ ਹੈ । ਸੋ ਗੁਰਮੁਖ ਜਨ ਨਾਮ ਅਭਿਆਸ ਦੀ ਬਰਕਤ ਨਾਲ ਵਾਹਿਗੁਰੂ ਦੇ ਸਰੂਪ ਵਿਖੇ ਸੁਰਤੀ ਬਿਰਤੀ ਨੂੰ, ਧਿਆਨ ਨੂੰ ਜੋੜੀ ਰਖਣ ਲਈ ਸਚੀ ਬਿਭੂਤੀ ਲਾਈ ਰਖਦੇ ਹਨ, ਯਥਾ ਗੁਰਵਾਕ :—

'ਧਿਆਨ ਕੀ ਕਰਹਿ ਬਿਭੂਤਿ ।' ਹਠ ਜੋਗੀਆਂ ਦੀ ਉਲਟੀ ਰਹੁ ਰੀਤਿ ਦੇ ਥਾਉਂ ਗੁਰਮੁਖ ਜਨਾਂ ਦੀ ਹਰਿ ਕੀਰਤਿ, ਹਰਿ ਜਸਿ ਰੂਪੀ ਰਹਿਰਾਸ ਹੀ ਸਚੀ ਰਹੁ-ਰੀਤੀ ਇਸ ਸਚੀ ਰਹਿਰਾਸ ਦਵਾਰਾ ਗੁਰਮੁਖ ਜੋਗੀ ਜਨਾਂ ਦਾ ਸਹਿਜ ਵੈਰਾਗ ਬਿਰਤੀ ਵਿਚ ਅਸਥਿਰ ਰਹਿੰਦਾ ਹੈ, ਝੂਠੇ ਪਦਾਰਥਾਂ ਵਿਚ ਲਗਦਾ ਹੀ ਨਹੀਂ, ਗ੍ਰਹਿਸਤ ਵਿਚ ਰਹਿੰਦੇ ਹੋਏ ਹੀ ਗੁਰਮਤਿ ਪੰਥ ਧਾਰਨੀ ਹਰਦਮ ਅਤੀਤ ਜੋਗੀ ਬਣੇ ਰਹਿੰਦੇ ਹਨ (ਗੁਰਮੁਖ ਪੰਥ ਅਤੀਤੰ ॥) ਵਾਹਿਗੁਰੂ ਪ੍ਰਮਾਤਮਾ ਦੀ ਸਚੀ ਅਤੇ ਸਨਮੁਖ ਪ੍ਰਕਾਸ਼ਤ ਜੋਤਿ ਵਿਚ ਸਦਾ ਲਿਵਲੀਨ ਰਹਿਣਾ ਤੇ ਇਸੇ ਵਿਚ ਹੀ ਬ੍ਰਿਤੀ ਨੂੰ ਟਿਕਾਈ ਰਖਣਾ ਇਹੀ ਗੁਰਮੁਖ ਸਹਿਜ ਜੋਗੀਆਂ ਦੀ ਸਚੀ ਟਿਕਟਿਕੀ ਹੈ,ਹਠਜੋਗੀ ਟਿਕਟਿਕੀ ਬੈਰਾਗਨ, ਵਰਤ ਕੇ ਉਸ ਉਪਰ ਸਹਾਰਾ ਦੇ ਕੇ ਆਪਣੀਆਂ ਬਾਹਾਂ ਜੋ ਪਸਾਰਦੇ ਹਨ ਇਹ ਸਭ ਲੋਕ ਦਿਖਾਵੇ ਲਈ ਸੰਮਿਆ (ਬੈਰਾਗਨ) ਦਾ ਵਰਤਣ ਨਿਰੀ ਉਨ੍ਹਾਂ ਦੀ ਫੋਕਟ ਹੀ ਕ੍ਰਿਆ ਹੁੰਦੀ ਹੈ ਕਿਉਂਕਿ ਉਹ ਗੁਰਮਤਿ ਨਾਮ ਅਭਿਆਸ ਦੇ ਨ ਜਾਣੂ ਹੋਣ ਕਰਕੇ ਸ੍ਵਾਸ ਸੁਰਤ ਤੇ ਬਿਰਤੀ ਨੂੰ ਜੋੜਨਾ ਤਾਂ ਜਾਣਦੇ ਹੀ ਨਹੀਂ, ਐਵੇਂ ਘੁਗੂ ਮੱਟ ਵਾਸੀ ਹੋ ਕੇ ਟਿਕਟਿਕੀ (ਬੈਰਾਗਨ) ਉਤੇ ਬਾਹਾਂ ਮੋਢੇ ਪਸਾਰੀ ਰਖਦੇ ਹਨ, ਗੁਰਮਤਿ ਅਭਿਆਸੀ ਜਨ ਸਰੀਰਕ ਨਿਰਬਲਤਾ ਅਤੇ ਬ੍ਰਿਧਤਾ ਬਿਆਪਨ ਕਰਕੇ ਉਕਤ ਨਿਰਬਲ ਅਤੇ ਬ੍ਰਿਧ ਸਰੀਰ ਨੂੰ ਸਹਾਰਾ ਦੇਣ ਲਈ ਅਤੇ ਸਾਰੀ ਸਰੀਰੀ ਕ੍ਰਾਂਤੀ ਸਾਵਧਾਨਤਾ ਵਿਚ ਰਖਣ ਲਈ ਬੈਰਾਗਨ ਚਾਹੇ ਵਰਤ ਲੈਨ, ਪਰੰਤੂ ਸਚੀ ਟੇਕ ਆਤਮ ਬ੍ਰਿਧਤਨੀ ਟੇਕ ਤਿਨਾਂ ਦੀ ਗੁਰਮਤਿ ਜੁਗਤ ਜੋਗ, ਨਾਮ ਅਭਿਆਸ ਦੀ ਸ੍ਵਾਸ ਸ੍ਵਾਸ ਕਮਾਈ ਉਪਰ ਹੀ ਹੁੰਦੀ ਹੈ, ਇਸ ਬਿਧਿ ਜੋਤੀਸ਼ ਵਾਹਿਗੁਰੂ ਦੀ ਅੰਤਰ ਬਾਹਰ ਪ੍ਰਵੇਸ਼ ਹੋਈ ਸਗਲੀ ਜੋਤ ਹੀ ਤਿਨ੍ਹਾਂ ਦੀ ਸੰਮਿਆ (ਬੈਰਾਗਨ) ਹੀ ਬਣੀ ਰਹਿੰਦੀ ਹੈ, ਨਾਨਾ ਪ੍ਰਕਾਰ ਦੇ ਆਤਮ ਰੰਗਾਂ ਵਿਚ ਲੀਨ ਰਹਿਣਾ, ਅਨਿਕ ਤਰੰਗੀ ਨਾਮ ਜਪਣਾ, ਗੁਰਮਤਿ ਸਹਿਜ ਜੋਗੀਆਂ ਦਾ ਸਚਾ ਵਰਨ ਆਸ਼੍ਰਮ ਹੈ । ਗੁਰ



www.AKJ.Org

ਨਾਨਕ ਸਾਹਿਬ ਭਰਥਰਿ ਨਾਮੇ ਜੋਗੀ ਨੂੰ ਸੁਣਾ ਕੇ ਇਸ ਉਪਦੇਸ਼ ਦੁਾਰਾ ਇਹੀ ਗਲ ਦ੍ਰਿੜਾਉਂਦੇ ਹਨ, ਕਿ ਇਕੋ ਅਕਾਲ ਪੁਰਖ ਵਾਹਿਗੁਰੂ ਵਿਚ ਹੀ ਹਰਦਮ ਬਿਰਤੀ ਜੋੜੀ ਰਖਣੀ ਚਾਹੀਦੀ ਹੈ।

ੴ ਸਤਿਗੁਰ ਪ੍ਰਸਾਦਿ ॥ ਆਸਾ ਘਰ ੬ ਮ: ੧ ।

ਮਨੁ ਮੋਤੀ ਜੇ ਗਹਣਾ ਹੋਵੈ
ਪਉਣੁ ਹੋਵੈ ਸੂਤ ਧਾਰੀ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ
ਰਾਵੈ ਲਾਲ ਪਿਆਰੀ॥
ਲਾਲ ਬਹੁ ਗੁਣ ਕਾਮਣਿ ਮੋਹੀ॥
ਤੇਰੇ ਗੁਣ ਹੋਹਿ ਨ ਅਵਰੀ।੧। ਰਹਾਉ।
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ
ਦਾਮੋਦਰੁ ਦੰਤੁ ਲੇਈ॥
ਕਰ ਕਰਿ ਕਰਤਾ ਕੰਗਨ ਪਹਿਰੈ
ਇਨਿ ਬਿਧਿ ਚਿਤੁ ਧਰੇਈ॥
ਮਧੁਸੂਦਨੁ ਕਰਿ ਮੁੰਦਰੀ ਪਹਿਰੈ
ਪਰਮੇਸਰੁ ਪਟੁ ਲੇਈ॥
ਧੀਰਜੁ ਧੜੀ ਬੰਧਾਵੈ ਕਾਮਣਿ
ਸ੍ਰੀ ਰੰਗੁ ਸੁਰਮਾ ਦੇਈ।੩।
ਮਨ ਮੰਦਰਿ ਜੇ ਦੀਪਕੁ ਜਾਲੇ
ਕਾਇਆ ਸੇਜ ਕਰੇਈ॥
ਗਿਆਨੁ ਰਾਉ ਜਬ ਸੇਜੈ ਆਵੈ
ਤ ਨਾਨਕੁ ਭੋਗੁ ਕਰੇਈ।੪।੧।੩੫।

ਇਸ ਗੁਰਵਾਕ ਦੁਆਰਾ ਸਭ ਅਨਮਤੀ ਸੀਂਗਾਰਾਂ ਨੂੰ ਖੰਡਣ ਕੀਤਾ ਗਿਆ ਹੈ ਤੇ ਕੇਵਲ ਇਕੋ ਸਚਾ ਸਿੰਗਾਰ ਗੁਰਮਤਿ ਨਾਮ ਦਾ ਪਹਿਨਣਾ ਹੀ ਦ੍ਰਿੜਾਇਆ ਗਿਆ ਹੈ, ਸਵਾਸਾਂ ਰੂਪੀ ਡੋਰੀ ਨਾਲ ਮਨ ਰੂਪੀ ਮੋਤੀ ਨੂੰ ਪਰੋ ਕੇ ਦ੍ਰਿੜਾਇਆ ਗਿਆ ਹੈ, ਗੁਰਮਤਿ ਜਗਯਾਸਾ ਰੂਪੀ ਸਚੀ ਇਸਤ੍ਰੀ ਉਹ ਹੈ ਜੋ ਖਿਮਾਂ ਰੂਪੀ ਸਿੰਗਾਰ ਪਹਿਰਦੀ ਹੈ ਅਤੇ ਇਸ ਬਿਧ ਸਚੇ ਲਾਲ ਵਾਹਿਗੁਰੂ ਪ੍ਰਮਾਤਮਾਂ ਨੂੰ ਰਾਵ ਰਾਵ ਕੇ ਉਸ ਦੀ ਪਿਆਰੀ ਬਣਦੀ ਹੈ। ਹੇ ਲਾਲ ਵਾਹਿਗੁਰੂ ਜੋ ਗੁਣ ਤੇਰੇ ਵਿਚ ਹਨ ਹੋਰਨਾਂ ਵਿਚ ਕਦਾਚਿਤ ਨਹੀਂ ਹੋ ਸਕਦੇ। ਰਾਵਣ ਜੋਗ ਲਾਲ ਪਿਆਰਾ ਬਹੁਤੇ ਗੁਣਾਂ ਵਾਲਾ ਕੇਵਲ ਵਾਹਿਗੁਰੂ ਪਤੀ ਪ੍ਰਮਾਤਮਾ ਹੀ ਹੈ, ਸਚੀ ਕਾਮਣ ਜਗਯਾਸਾ ਇਸਤ੍ਰੀ ਪ੍ਰਮਾਰਥ ਦੀ ਉਹ ਹੀ ਹੈ ਜੋ ਪ੍ਰਮਾਤਮਾ ਦੇ ਇਹਨਾਂ ਗੁਣਾਂ ਨਾਲ ਮੋਹੀ ਜਾਂਦੀ ਹੈ, ਚਾਹੇ ਕਿਤਨੀ ਹੀ ਵਡਮੁਲੀ ਕੀਮਤ ਵਾਲਾ ਹਾਰ ਹੋਵੇ (ਸੋਨੇ ਮੋਤੀਆਂ ਦਾ) ਉਸ ਨੂੰ ਪਹਿਰ ਕੇ ਭੀ ਕਾਮਣ ਇਸਤ੍ਰੀ ਦੁਹਾਗਣ ਹੀ ਰਹਿੰਦੀ ਹੈ, ਸਚੀ ਸੋਹਾਗਣ ਨਹੀਂ ਬਣ ਸਕਦੀ। ਗੁਰੂ ਸਾਹਿਬ ਨੇ ਗੁਰਮਤਿ ਨਾਮ ਅਭਿਆਸ ਰੂਪੀ ਸਚਾ ਹਾਰ ਕੰਠ ਵਿਖੇ ਪਹਿਰਣ ਲਈ, ਅਤੇ ਪਹਿਰ ਕੇ ਸਦਾ ਹੀ ਸਵਾਸ ੨ ਉਚਾਰਣ ਲਈ ਪ੍ਰੇਰਤਾ ਕੀਤੀ ਹੈ।

## ਬਾਵਨ ਅਖਰੀ ਦੀ ਸਾਖੀ

ਇਸ ਪ੍ਰਥਾਇ ਇਕ ਬੜੀ ਸੁੰਦਰ ਸਾਖੀ ਆਉਂਦੀ ਹੈ ਜਿਸਦਾ ਏਥੇ ਦਰਜ ਕਰਨਾ ਅਤੀਯੰਤ ਜ਼ਰੂਰੀ ਹੈ ਉਹ ਏਹ ਹੈ ਕਿ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਗੁਰੂ ਸਾਹਿਬ ਜੀ ਅੰਤਰਜਾਮੀ ਨੇ ਇਕ ਵਾਰ ਮਾਤਾ ਗੰਗਾ ਜੀ ਨੂੰ (ਜੋ ਉਹਨਾਂ ਦੇ ਮਹਿਲ ਸਨ) ਸੁਤੇ ਸੁਭਾਅ ਹੀ ਐਉਂ ਪ੍ਰੇਰਨਾ ਕੀਤੀ ਕਿ ਤੁਸਾਡੇ ਪਾਸ ਮੁਲਾਕਾਤ ਲਈ ਸ਼ਹਿਰ ਦੀਆਂ ਖਤਰਾਣੀਆਂ, ਮਹਾਜਨਾਂ ਦੀਆਂ ਇਸਤ੍ਰੀਆਂ ਆਉਂਦੀਆਂ ਹਨ ਉਹ ਦੁਨੀਆਂ ਕਰਕੇ ਕਿਤਨੀਆਂ ਹੀ ਵਡੀਆਂ ਹੋਵਣ, ਓੜਕ ਅਨਮਤਣਾਂ ਹੀ ਹਨ, ਤੁਸੀਂ ਖਬਰਦਾਰ ਰਹਿਣਾ, ਕਦੇ ਭੀ ਉਹਨਾਂ ਦੀ ਅਨਮਤ ਭਰੀ ਉਪਦੇਸ਼ ਪ੍ਰੇਰਨਾਂ ਦੇ ਅਧੀਨ ਨਹੀਂ ਹੋਣਾ, ਐਉਂ ਸੁਭਾਉ ਬਚਨ ਕਰਕੇ ਗੁਰੂ ਸਾਹਿਬਾਨ ਗੁਰਦਰਬਾਰ ਵਿਖੇ ਜਾ ਬਿਰਾਜਮਾਨ ਹੋਏ; ਉਸ ਦਿਨ ਐਸੀ ਘਟਨਾ ਹੋਈ ਕਿ ਕਿਸੇ ਭਾਰੀ ਗਿਰੰਬਾਰੀ ਮਾਇਆਧਾਰੀ ਸੇਠ ਨੇ ਨੌਲਖਾ ਹਾਰ ਗੁਰੂ ਸਾਹਿਬ ਜੀ ਦੀ ਆਣ ਭੇਟਾ ਕੀਤਾ ਤਿਸ ਨੌਲੱਖੇ ਹਾਰ ਦੇ ਗੁਰੂ ਸਾਹਿਬ ਜੀ ਦੇ ਅਗੇ ਭੇਟਾ ਕਰਨ ਦੀ ਚਰਚਾ ਸਾਰੇ ਸ਼ਹਿਰ ਵਿਚ ਹੋ ਗਈ, ਸ਼ਹਿਰ ਦੀਆਂ ਬੜੀਆਂ ਬੜੀਆਂ ਮਹਾਜਨ ਇਸਤ੍ਰੀਆਂ ਇਸ ਹਾਰ ਨੂੰ ਵੇਖਣ



www.AKJ.Org

ਗਈਆਂ ਤੇ ਅਖੀਂ ਵੇਖ ਕੇ ਅਸ਼ ੨ ਕਰਦੀਆਂ ਹੀ ਰਹਿ ਗਈਆਂ, ਫੇਰ ਸਾਰੀਆਂ ਇਕਠੀਆਂ ਹੋ ਕੇ ਮਾਤਾ ਗੰਗਾ ਜੀ ਦੇ ਪਾਸ ਗਈਆਂ ਐਉਂ ਬੇਨਤੀਆਂ ਕਰਨ ਲਗੀਆਂ ਕਿ ਤੁਸੀਂ ਸਾਰੇ ਜਗ ਦੀ ਦੂਜੀ ਮਾਤਾ ਹੋ, ਤੁਸੀਂ ਕੋਈ ਭੀ ਗਹਿਣਾ ਨਹੀਂ ਪਹਿਨਿਆ ਹੋਇਆ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਮਹਿਲ ਵਿਚ ਹੁੰਦੇ ਹੋਏ ਤੁਸੀ ਗਹਿਣੇ ਵਿਹੂਣ ਅਛੇ ਨਹੀਂ ਲਗਦੇ ਅਜ ਗੁਰੂ ਸਾਹਿਬ ਜੀ ਦੀ ਭੇਟਾ ਗੁਰ ਦਰਬਾਰ ਵਿਖੇ ਇਕ ਨੌਲਖਾ ਹਾਰ ਕਿਸੇ ਪ੍ਰੇਮੀ ਨੇ ਭੇਟ ਕੀਤਾ ਹੈ, ਉਸ ਨੌਲਖੇ ਹਾਰ ਦੀ ਸ਼ਾਨ ਇਹ ਹੀ ਦਸਦੀ ਹੈ ਕਿ ਉਹ ਹਾਰ ਆਪ ਦੇ ਗਲੇ ਵਿਖੇ ਹੀ ਸਜਾਇਆ ਜਾਏ, ਤਦੇ ਹੀ ਸੋਭਦਾ ਹੈ, ਤੁਸੀਂ ਅਜ ਗੁਰੂ ਸਾਹਿਬ ਜੀ ਨੂੰ ਪ੍ਰੇਰਨਾ ਕਰਕੇ ਉਕਤ ਹਾਰ ਨੂੰ ਆਪਣੇ ਪਹਿਰਣ ਲਈ ਹੀ ਮੰਗੋ। ਗਲ ਕੀ ਅਜੇਹੀਆਂ ਚਿਕਨੀਆਂ ਚੋਪੜੀਆਂ ਗਲਾਂ ਕਰਕੇ ਸ੍ਰੀ ਮਾਤਾ ਜੀ ਨੂੰ ਉਸ ਹਾਰ ਦੇ ਪਹਿਰਣ ਲਈ ਤਿਆਰ ਕਰ ਲਿਆ, ਗੁਰੂ ਪੰਚਮ ਪਾਤਸ਼ਾਹ ਜੀ ਦੇ ਗੁਰ ਦਰਬਾਰ ਤੋਂ ਪਹਿਲਾਂ ਆਉਣ ਤੋਂ ਹੀ ਮਾਤਾ ਜੀ ਖਣਪੱਟੀ ਲੈ ਕੇ ਰੁਸ ਕੇ ਪਲੰਘ ਤੇ ਬਿਰਾਜਮਾਨ ਹੋ ਗਏ, ਅੰਤਰਜਾਮੀ ਗੁਰੂ ਸਾਹਿਬ ਨੂੰ ਇਸ ਘਟਨਾ ਦਾ ਪਹਿਲੇ ਹੀ ਪਤਾ ਸੀ, ਉਹਨਾਂ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਤੁਹਾਨੂੰ ਅਜ ਕਿਸੇ ਇਸਤ੍ਰੀ ਟੋਲੇ ਦੀ ਆਨਮਤ ਉਪਦੇਸ਼ ਦੀ ਪਾਣ ਚੜ੍ਹ ਗਈ ਹੈ ਇਸ ਤੋਂ ਬਚਣ ਲਈ ਤੁਸਾਂ ਨੂੰ ਵਰਜਿਆ ਗਿਆ ਸੀ। ਸ੍ਰੀ ਮਾਤਾ ਜੀ ਸਾਵਧਾਨ ਹੋ ਕੇ ਦੋਏ ਕਰ ਜੋੜ ਗਲ ਵਿਚ ਪੱਲਾ ਪਾ ਕੇ ਗੁਰੂ ਸਾਹਿਬ ਅਗੇ ਐਉਂ ਅਰਜੋਈ ਕਰਨ ਲਗੇ, ਹੇ ਗੁਰੂ ਸਚੇ ਪਾਤਸ਼ਾਹ ਅਜ ਤਾਈਂ ਇਸ ਦਾਸਰੀ ਨੇ ਆਪ ਪਾਸੋਂ ਕੋਈ ਮੰਗ ਨਹੀਂ ਕੀਤੀ ਪਹਿਲੀ ਮੰਗ ਕਰਨ ਲਗੀ ਹਾਂ, ਆਸ ਹੈ ਕਿ ਉਹ ਤੁਸੀਂ ਉਦਾਰਤਾ ਸਹਿਤ ਕਬੂਲ ਕਰੋਗੇ ਸ੍ਰੀ ਗੁਰੂ ਸਚੇ ਪਾਤਸ਼ਾਹ ਹਸ ਵਿਗੱਸ ਕੇ (ਮੁਸਕਰਾ ਕੇ) ਸ੍ਰੀ ਮਾਤਾ ਜੀ ਪਾਸੋਂ ਪੁਛਨ ਲਗੇ ਕਿ ਦਸੋ ਸਹੀ ਕਿ ਤੁਹਾਡੀ ਮੰਗ ਕੀ ਹੈ। ਮਾਤਾ ਜੀ ਨੇ ਤੁਰਤ ਹੀ ਉਹ ਮੰਗ ਐਥੋਂ ਪ੍ਰਗਟ ਕੀਤੀ ਕਿ ਅਜ ਜੋ ਨੌਲਖਾ ਹਾਰ ਤੁਹਾਡੇ ਦਰਬਾਰ ਵਿਖੇ ਤੁਸਾਂ ਨੂੰ ਭੇਟਾ ਹੋਇਆ ਹੈ, ਉਹ ਮੈਨੂੰ ਗਲ ਵਿਚ ਪਹਿਨਣ ਲਈ ਬਖਸ਼ ਦਿਓ। ਸ੍ਰੀ ਗੁਰੂ ਸਾਹਿਬ ਇਹ ਸੁਣ ਕੇ ਬੜੇ ਹੀ ਹਸੇ ਅਤੇ ਫੁਰਮਾਉਣ ਲਗੇ ਕਿ ਅਜ ਜ਼ਰੂਰ ਹੀ ਅਨਮਤੀ ਮੁਲਾਕਾਤਣਾਂ ਦਾ ਅਸਰ ਤੁਸਾਂ ਉਤੇ ਹੋ ਗਿਆ ਹੈ ਭੋਲੀਏ ਚਾਹੇ ਕ੍ਰੋੜਾਂ, ਅਰਬਾਂ ਦੀ ਕੀਮਤ ਦਾ ਹਾਰ ਹੋਵੇ ਉਹ ਕੂੜਾ ਵਿਵਹਾਰ ਹੀ ਹੈ ਅਸੀਂ ਅਜ ਤੁਹਾਡੇ ਲਈ ਉਹ ਹਾਰ ਤਿਆਰ ਕਰਨ ਲਗੇ ਹਾਂ ਜਿਸ ਨੂੰ ਉਹ ਅੰਦਰ ਧਾਰਕੇ ਤੁਹਾਡਾ ਲੋਕ ਪ੍ਰਲੋਕ ਹਲਤ ਪਲਤ ਸਭ ਹੀ ਸੁਧਰ ਜਾਏਗਾ। ਇਸ ਪ੍ਰਥਾਇ ਗੁਰੂ ਪੰਚਮ ਪਾਤਸ਼ਾਹ ਜੀ ਮਹਾਰਾਜ ਸ੍ਰੀ ਬਾਵਣ ਅਖਰੀ ਦੀ ਬਾਣੀ ਉਚਾਰਣ ਲਗੇ ਅਤੇ ਐਸੀ ਅਖਰ ਬਣਤ੍ਰ ਕਲਾ ਵਰਤਾਈ ਕਿ ਜਿਉਂ ੨ ਸ੍ਰੀ ਬਾਵਨ ਅਖਰ ਬਾਣੀ ਉਚਾਰਨ ਕੀਤੀ ਜਾਵੇ ਤਿਉਂ ੨ ਨਾਲੋ ਨਾਲ ਹੀ ਸ੍ਰੀ ਮਾਤਾ ਜੀ ਆਪਣੇ ਅੰਤਰ ਆਤਮੇ ਇਸ ਬਾਣੀ ਦੇ ਤੱਤ ਭਾਵ ਨੂੰ ਅੰਤਰ ਹਿਰਦੇ ਵਿਖੇ ਉਤਾਰੀ ਜਾਣ, ਐਸੀ ਅਚਰਜ ਖੇਡ ਵਰਤੀ ਕਿ ਸਮਸਰ ਬਾਣੀ ਸ੍ਰੀ ਬਾਵਣ ਅਖਰੀ ਜੀ ਦੀ ਸ੍ਰੀ ਗੁਰੂ ਸਾਹਿਬ ਜੀ ਦੇ ਕੰਠਹਾਰ ਹੋ ਕੇ ਧਾਰਨ ਹੋ ਗਈ, ਮਾਤਾ ਹਿਰਦਾ ਕਮਲ ਅੰਤਰਗਤੀ ਐਸਾ ਜਗਮਗਾ ਉਠਿਆ ਕਿ ਜੜਾਊ ਗਹਿਣੇ ਵਾਲੇ ਨੌਲਖੇ ਹਾਰ ਦੇ ਪਹਿਨਣ ਦੀ ਅੰਕਾਂਖਿਆ ਸਾਰੀ ਹੀ ਬਿਬਰਜਤ ਹੋ ਗਈ, ਐਉਂ ਸਚਾ ਹਾਰ ਗੁਰਮਤਿ ਨਾਮ ਪ੍ਰੀਤੀ ਗਹਿਣੇ ਦਾ ਉਰਧਾਰ ਕੇ ਸ੍ਰੀ ਮਾਤਾ ਜੀ ਨੂੰ ਕੂੜਾਵੇ ਨੌਲਖੇ ਹਾਰ ਦਾ ਪਹਿਰਨਾ ਉਕਾ ਹੀ ਵਿਸਰ ਗਿਆ ਅਤੇ ਨਿਰਾ ਹੀ ਕੂੜਾਵਾ ਪ੍ਰਤੀਤ ਹੋਇਆ ਸੋਈ ਭਾਵ ਇਸ ਉਪਰਲੇ ਗੁਰਵਾਕ ਅੰਦਰ 'ਹਰਿ ਹਰਿ ਹਾਰੁ ਕੰਠਿ ਲੇ ਪਹਿਰੈ' ਗੁਰ ਪੰਗਤੀ ਤੋਂ ਹੈ, ਅਨਮਤਣਾਂ ਦੇ ਦੰਦਾਸੇ ਦੇ ਥਾਉਂ ਵਾਹਿਗੁਰੂ ਨੂੰ ਮੁਖ ਦੰਤਾਂ ਅੰਦਰ ਧਾਰਨਾ ਹੈ, ਇਹ ਹੀ ਸਚੀ ਗੁਰਮਤਿ ਹੈ ਹੋਰ ਅਨਮਤੀ ਕੰਗਣਾਂ ਨੂੰ ਤਿਆਗ ਕੇ ਵਾਹਿਗੁਰੂ ਕਰਤੇ ਪੁਰਖ ਦੀ, ਉਸ ਦੇ ਸਚੇ ਨਾਮ ਦੀ ਮਾਲਾ ਹੀ ਹਸਤ ਕੰਮਲਾਂ ਅੰਦਰ ਧਾਰਨੀ ਹੈ, ਅਤੇ ਇਸ ਬਿਧ ਚਿਤ ਟਿਕਾਵਣਾ ਹੈ, ਸਚੀ ਧਾਰਨਾ ਵਿਖੇ ਧਾਰੀ


www.AKJ.Org

ਰਖਣਾ ਹੈ । ਵਾਹਿਗੁਰੂ (ਮਧੁਸੂਦਨ) ਦੇ ਨਾਮ ਦੀ ਸੁਚੀ ਮੁੰਦਰੀ ਪਹਿਰ ਕੇ, ਹੋਛੀਆਂ ਮੁੰਦਰੀਆਂ ਛਾਪਾਂ ਦਾ ਉਕਾ ਹੀ ਪ੍ਰੀਤਿਆਗ ਕਰਨਾ ਹੈ, ਅਤੇ ਸਾਰੇ ਪਾਟ ਪਟੰਬਰੀ ਰੇਸ਼ਮਾਂ ਦੇ ਬਸਤਰ ਤਿਆਗ ਕੇ ਕੇਵਲ ਵਾਹਿਗੁਰੂ (ਪ੍ਰਮੇਸ਼ਰ) ਦੇ ਨਾਮ ਦੇ ਸਚੇ ਸੁਚੇ ਸਾਦਗੀ ਵਾਲੇ ਬਸਤਰ ਨੂੰ ਹੀ ਹਰ ਦਮ ਪਹਿਨੀ ਰਖਣਾ ਹੈ । ਉਸ ਸਚੀ ਗੁਰਮਤਿ ਪ੍ਰਮਾਰਥ ਦੀ ਸਚੀ ਇਸਤ੍ਰੀ ਲਈ ਕੂੜਾਵੀਆਂ ਕੰਘੀਆਂ ਪੱਟੀਆਂ ਵਾਲੀਆਂ ਅਣਮਤਣਾਂ ਦੀਆਂ ਮਾਂਗਾਂ ਸਵਾਰਨੀਆਂ ਗੁਰਮਤਿ ਅੰਦਰ ਉਕੀਆਂ ਹੀ ਬਿਵਰਜਤ ਹਨ । ਇਸ ਮਾਂਗ ਪਟੀ ਰੂਪੀ ਧੜੀ ਦੇ ਥਾਉਂ, ਵਾਹਿਗੁਰੂ ਨਾਮ ਰੂਪੀ ਨਾਮ ਧਾਰਨੀ ਧੀਰਜ (ਧਾਰੀ ਰਖਣੀ) ਹੈ, ਅਤੇ ਅਖੀਆਂ ਵਿਖੇ ਸੁਰਮੇ ਪਾਉਣ ਦੇ ਥਾਉਂ ਨਾਮ ਰੂਪੀ ਸਚਾ ਸੁਰਮਾ ਪਾਈ ਰਖਣਾ ਹੈ ਅਤੇ ਇਸ ਬਿਧ ਵਾਹਿਗੁਰੂ ਨਾਮ ਦੀਆਂ ਭਾਉ ਭਾਉ ਸ਼ਰਧਾ ਰੂਪੀ ਸੁਰਮੇ ਦੀਆਂ ਸਲਾਈਆਂ ਅਖੀਆਂ ਅੰਦਰ ਦੇਈ (ਪਾਈ) ਰਖਣੀਆਂ ਹਨ, ਸੋਈ ਭਾਵ :—"ਭੈ ਕੀਆ ਦੇਇ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ" ਰੂਪੀ ਗੁਰ ਪੰਗਤੀ ਦਾ ਹੈ, ਇਸ ਬਿਧ ਸਚਾ ਪ੍ਰਮਾਰਥੀ ਸਿਗਾਰ ਕਰ ਕੇ ਮਨ ਰੂਪੀ ਮੰਦਰ ਵਿਖੇ, ਜੋਤ ਵਿਗਾਸੀ (ਗੁਰਮਤਿ ਨਾਮ ਰੂਪੀ) ਦੀਪਕ (ਦੀਵੇ) ਨੂੰ ਪਰਜੁਲਤ ਕਰਨਾ ਹੈ ਅਤੇ ਸਾਰੀ ਕਾਇਆਂ ਰੂਪੀ ਸੇਜੜੀ ਨੂੰ ਜਗਮਗਾਉਣਾ ਹੈ । ਇਸ ਜੋਤ ਜਗਮਗਾਹਟ ਦੁਆਰਾ ਜੋਤੀਸ਼ਰ ਵਾਹਿਗੁਰੂ, ਹਿਰਦੇ ਵਿਖੇ ਜਦੋਂ ਆਇ ਉਤਰਦਾ ਹੈ ਉਦੋਂ ਹੀ ਸਚਾ ਆਤਮ ਭੋਗ ਪ੍ਰਮਾਤਮਾ ਵਿਗਾਸੀ ਭੋਗ ਰਚਾਇਆ ਜਾਂਦਾ ਹੈ, ਇਸ ਸਾਰੇ ਵਾਕ ਦੇ ਭਾਵ ਤੋਂ ਸਿਧ ਹੋਇਆ ਕਿ ਅਨਮਤੀਆਂ ਵਾਲੇ ਕੂੜੇ ਸ਼ਿੰਗਾਰ ਸਾਰੇ ਹੀ ਤਿਆਗ ਦੇਣੇ ਗੁਰਮਤਿ ਜਗਿਆਸੂ ਲਈ ਲਾਜ਼ਮੀ ਹਨ ।

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ । ਜੋ ਕਿਛੁ ਕਰੈ ਭਲਾ ਕਰਿ ਮਾਨਉ । ਸਹਜ ਜੋਗ ਨਿਧਿ ਪਾਵਉ । ੧ । ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ । ਅੰਮ੍ਰਿਤ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ । ੧ । ਰਹਾਉ । ਸਿਵ ਨਗਰੀ ਮਹਿ ਆਸਣਿ ਬੈਸਉ ਕਲਪੁ ਤਿਆਗੀ ਬਾਦੰ । ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ । ੨ । ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ । ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ । ਸਗਲੀ ਜੋਤ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ । ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ।

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਸਮੁਚੇ ਜੋਗ ਸਨਯਾਸ ਰੂਪੀ ਆਨਮਤ ਭੇਖਾਂ ਨੂੰ ਖੰਡਣ ਕਰ ਦਿਖਲਾਇਆ ਹੈ ਅਤੇ ਸਚੇ ਜੋਗ ਸੰਨਯਾਸ ਦਾ ਸੁਚਾ ਗੁਰਮਤਿ ਮਾਰਗ ਦਰਸਾਇਆ ਹੈ । ਕੂੜਾਵੇ ਆਨਮਤ ਜੋਗੀ ਜੋ ਕੰਨ ਪਾੜ ਕੇ ਮੁੰਦਰਾਂ ਪਹਿਨਦੇ ਹਨ, ਉਹਨਾਂ ਪਾਖੰਡ ਰੂਪੀ ਮੁੰਦਰਾਂ ਦਾ ਖੰਡਣ ਕਰਕੇ ਗੁਰੂ ਸਾਹਿਬ ਨੇ ਗੁਰ ਸ਼ਬਦ ਰੂਪੀ ਸਚੀਆਂ ਮੁੰਦਰਾਂ ਮਨ ਵਿਖੇ ਧਾਰਣ ਲਈ ਗੁਰਮਤਿ ਉਪਦੇਸ਼ ਦਿਤਾ ਹੈ, ਜੋਗੀਆਂ ਦੀ ਗੋਦੜੀ (ਖਿੰਥਾ) ਪਹਿਰਣ ਵਾਲੀ ਕੂੜਾਵੀ ਆਨਮਤ ਕ੍ਰਿਆ ਨੂੰ ਖੰਡਨਾਇ ਕੇ ਇਸ ਦੇ ਥਾਉਂ ਗੁਰਮਤਿ ਨਾਮ ਰੂਪੀ ਅਜਰ ਵਸਤੂ ਨੂੰ ਅੰਦਰੇ ਅੰਦਰ ਜਰਨ ਵਾਲੀ ਖਿਮਾਂ ਰੂਪੀ ਸਚੀ ਖਿੰਥਾ ਨੂੰ ਹਢਾਉਣਾ ਸਚਾ ਗੁਰਮਤਿ ਮਾਰਗੀ ਜੋਗ ਸੰਨਯਾਸ ਧਾਰਣ ਕਰਾਇਆ ਹੈ । ਜੋਗੀ ਮਾਂ ਸੰਨਯਾਸੀਆਂ ਦੇ ਪਾਖੰਡ ਯੋਗ ਸਨਯਾਸ ਨੂੰ ਖੰਡਣ ਕਰਕੇ ਵਾਹਿਗੁਰੂ ਦੀ ਰਜ਼ਾ ਵਿਚ ਸਦਾ ਚਲਣ ਵਾਲੀ ਸਹਿਜ ਜੋਗ ਸਿਧੀ ਦੀ ਪ੍ਰਾਪਤੀ ਕਰਵਾਈ ਹੈ, ਜੋ ਜੀਵ ਜਗਿਆਸੂ ਵਾਹਿਗੁਰੂ ਦੇ ਨਾਮ ਵਿਖੇ ਸਦਾ ਜੁੜਿਆ ਹੋਇਆ ਹੈ, ਉਹ ਹੀ ਸਦੀਵੀ ਜੋਗ ਧਾਰਨੀ ਸੁਚਾ ਗੁਰਮਤਿ ਅਨੁਸਾਰੀ ਜੋਗੀ ਹੈ । ਇਸ ਜੋਗ ਧਾਰਨਾ ਦੁਆਰਾ ਜੀਵ ਆਤਮਾ ਜੁਗੋ ਜੁਗ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ ਹੈ, ਕਿਉਂਕਿ ਉਸ ਦਾ ਵਾਹਿਗੁਰੂ (ਪਰਮਤੱਤ ਵਿਖੇ ਸਦੀਵ ਮੇਲ ਹੋ ਚੁਕਿਆ ਹੁੰਦਾ ਹੈ । ਹਠ ਜੋਗ ਦੁਆਰਾ ਹਠੀ ਅਤੇ (ਪਾਖੰਡੀ ਜੋਗੀ ਦਸਮ ਦੁਆਰ ਦੀ ਘੂੰ ੨ ਸੁਣਦੇ ਹਨ) ਗੁਰਮਤਿ ਸਚਾ ਸੁਚਾ ਜੋਗ



www.AKJ.Org

ਅਭਿਆਸ ਅਤੇ ਸਚਾ ਜੋਗ ਸੰਨਯਾਸ ਇਹ ਦੜ੍ਹਾਉਂਦਾ ਹੈ, ਕਿ ਅੰਮ੍ਰਿਤ ਨਾਮ ਨਿਰੰਜਨ ਨੂੰ ਕਮਾਉਂਦਿਆਂ ਹੋਇਆਂ ਸਚੀ ਜੋਗ ਸਮਾਧੀ ਨਿਰੰਜਨ ਵਾਹਿਗੁਰੂ ਦੇ ਸਰੂਪ ਵਿਖੇ ਜਾ ਜੁੜਦੀ ਹੈ ਜਿਥੇ ਕਿ ਵਾਹਿਗੁਰੂ ਪ੍ਰਾਪਤੀ ਰੂਪੀ ਸਚੇ ਗੁਰਮਤਿ ਗਿਆਨ ਰੂਪੀ ਅਧਿਆਤਮ ਰਸ ਨੂੰ ਸਦਾ ਲਈ ਭੋਗੀ ਦਾ ਹੈ। ਗੁਰੂ ਸਾਹਿਬ (ਧੰਨ ਗੁਰੂ ਨਾਨਕ ਦੇਵ ਜੀਉ) ਇਸ ਗੁਰਮਤਿ ਜੋਗ ਦੀ ਕਮਾਈ ਨੂੰ ਹਡਾਂ ਵਿਚ ਰਸਾਈ ਜੋਤਿ ਰਸੈਣੀ ਕਲਾ ਵਿਚ ਮਸਤ ਹੋਕੇ ਐਉਂ ਉਚਾਰਨ ਕਰਦੇ ਹਨ ਕਿ ਸਭ ਪ੍ਰਕਾਰ ਦੀਆਂ ਤ੍ਰਿਸ਼ਨਾਵਾਂ ਕਲਪਨਾਵਾਂ ਫੁਰਨੇ ਕੁਫੁਰਨੇ ਰੂਪੀ ਬਾਦ ਬਿਬਾਦੀ ਝਗੜੇ ਝੇੜੇ ਤਿਆਗ ਕੇ ਆਤਮ ਰਸੈਣੀ ਗੁਰਮਤਿ ਜੋਗੀ ਦੀ ਸਮਾਈ ਸਦਾ ਹੀ ਪ੍ਰਮਾਤਮੀ ਮੰਡਲਾਂ ਵਿਚ ਰਹਿੰਦੀ ਹੈ ਅਤੇ ਪ੍ਰਮਾਤਮਾ ਦੇ ਮੰਡਲਾਂ ਵਿਚ ਹੀ ਸਚੇ ਜੋਗੀ ਦਾ ਆਸਣ ਬਝਿਆ ਰਹਿੰਦਾਹੈ, ਏਸੇ ਆਤਮ ਪ੍ਰਮਾਤਮ ਅਸਥਾਪਣੀ ਆਸਣ ਵਿਖੇ ਗੁਰਮਤਿ ਜੋਗੀ ਦਾ ਸਮਾਧੀ ਲਾ ਕੇ ਬੈਠ ਰਹਿਣਾ, ਭਾਵ ਸਦਾ ਸਮਾਧ ਸਿਥਿਤ ਰਹਿਣਾ ਨਸੀਬ ਹੋ ਜਾਂਦਾ ਹੈ, ਤਿਸ ਸਮਾਧ ਸਿਥਿਤ ਸਿੰਘਾਸਣ ਤੇ ਬਿਰਾਜਮਾਨ ਹੋਇਆਂ ਸਚੇ ਗੁਰਮਤਿ ਜੋਗੀ ਸੰਨਯਾਸੀ ਦੀ ਸਦਾ ਹੀ ਸ਼ਬਦ ਰੂਪੀ ਸਿੰਙੀ ਬਜਦੀ ਰਹਿੰਦੀ ਹੈ, ਜਿਸ ਦੀ ਧੁਨੀ ਅਤੀ ਅਸਚਰਜ ਸੋਭਾ ਵਾਲੀ ਹੁੰਦੀ ਹੈ ਅਤੇ ਇਸ ਸਿੰਙੀ ਦਾ ਨਾਦ ਦਿਨੇ ਰਾਤ ਹੀ ਪੂਰੀਦਾ ਰਹਿੰਦਾ ਹੈ, (ਬਜਦਾ ਰਹਿੰਦਾ ਹੈ)। ਇਹ ਜੋ ਜੋਗੀਆਂ ਪਾਸ ਪਾਖੰਡ ਮਈ ਖੱਪਰ ਚਿਪੀ ਹੁੰਦੀ ਹੈ, ਇਸ ਚਿਪੀ ਖਪਰ ਨੂੰ ਹਥ ਵਿਚ ਫੜੀ ਰਖਣ ਦਾ ਅਭਿਮਾਨ ਹੀ ਜੋਗੀਆਂ ਸਨਯਾਸੀਆਂ ਨੂੰ ਖਾ ਜਾਂਦਾ ਹੈ, ਕਈ ਪਾਖੰਡੀ ਸਨਯਾਸੀ ਜੋਗੀ ਤਾਂ ਇਸ ਫੋਕਟ ਕਿਰਿਆ ਵਿਚ ਫੋਕਾ ਪਾਣੀ ਪਾ ਕੇ ਅਤੇ ਲੋਕਾਂ ਨੂੰ ਵਰਤਾ ਕੇ ਬੜੇ ਫੋਕੇ ਪਾਖੰਡ ਰਚਾਉਂਦੇ ਹਨ। ਇਸ ਫੋਕੀ ਚਿਪੀ ਮਈ ਫੋਕੇ ਖਪਰ ਦੇ ਥਾਉਂ ਗੁਰਮਤਿ ਵਿਚਾਰ ਨੂੰ ਸਦੀਵ ਲਈ ਹਿਰਦੇ ਅੰਦਰ ਧਾਰੀ ਰਖਣਾ ਸਚੇ ਪਾਤਸ਼ਾਹ ਨੇ ਗੁਰਸਿਖਾਂ ਪ੍ਰਤੀ ਦ੍ਰਿੜਾਇਆ ਹੈ, ਪਾਖੰਡੀ ਜੋਗੀ ਸੰਨਯਾਸੀ ਸਰੀਰ ਤੇ ਸਵਾਹ ਮਲ ਕੇ ਸਚੇ ਜੋਗ ਸੰਨਯਾਸ ਵਲੋਂ ਸਦਾ ਹੀ ਉਖੜੇ ਰਹਿੰਦੇ ਹਨ ਗੁਰਮਤਿ ਅੰਦਰ ਵਾਹਿਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਸਮਝਣਾ ਇਹ ਹੀ ਸਚੀ ਭਸਮ ਚੜ੍ਹਾਉਣਾ ਹੈ, ਅਤੇ ਸੰਨਯਾਸੀਆਂ ਜੋਗੀਆਂ ਵਾਲੇ ਫੋਕਟ ਕੂੜਾਵੀ ਡੰਡੇ ਦੇ ਥਾਂ ਗੁਰਮਤਿ ਨਾਮ ਰੂਪੀ ਸਚਾ ਡੰਡਾ ਧਾਰੀ ਰਖਣਾ ਪਰਮ ਸਾਰ ਤੱਤ ਬ੍ਰਹਮ ਗਿਆਨ ਹੈ। ਸਾਡੀ ਅਰਥਾਤ ਗੁਰਮਤਿ ਧਾਰਨੀ ਸਚੇ ਜਗਯਾਸੂਆਂ ਦੀ ਸਚੀ ਰਹਿਰਾਸ ਵਾਹਿਗੁਰੂ ਕੀਰਤਨ ਅਤੇ ਗੁਰਬਾਣੀ ਦਾ ਅਖੰਡ ਰਟਣ ਹੀ ਹੈ, ਸਰੀਰ ਨੂੰ ਕੂੜਾਵੀ ਕਿਰਿਆ ਦੁਆਰਾ ਸਵਾਰਨ ਪਸਲੋਣ ਦੇ ਥਾਉਂ ਸਦਾ ਹੀ ਗੁਰਮੁਖ ਬਣ ਕੇ ਸਚਾ ਗੁਰਮਤਿ ਪੰਥ ਧਾਰਨਾ ਏਹ ਹੀ ਸਚੜੀ ਅਤੀਤ ਕਿਰਿਆ ਹੈ ਜੋ ਗੁਰਮਤਿ ਜੋਗੀ ਸੰਨਯਾਸੀਆਂ ਨੇ ਸਦਾ ਹੀ ਧਾਰੀ ਰਖਣੀ ਹੈ; ਅਤੇ ਪ੍ਰਮਾਤਮਾਂ ਜੋਤੀ ਸਰੂਪ ਦੀ ਸਗਲੀ ਜੋਤ ਵਿਖੇ ਬ੍ਰਿਤੀ ਨੂੰ ਜੋੜੀ ਰਖਣਾ ਹੀ ਗੁਰਮਤਿ ਸਚੇ ਜੋਗੀਆਂ ਸੰਨਯਾਸੀਆਂ ਦੀ ਸਚੀ ਸੰਮਿਆਂ (ਬੈਰਾਗਣੀ) ਟਿਕਟਿਕੀ ਹੈ, ਅਨਕ ਪ੍ਰਕਾਰ ਦੇ ਵਰਨਾਂ ਵਿਚ ਜੋ ਏਕ ਜੋਤ ਸਮਾਏ ਰਹੀ ਹੈ ਉਸੇ ਜੋਤ ਕਲਾ ਆਧਾਰ ਉਤੇ ਹੀ ਗੁਰਮੁਖ ਜੋਗੀ ਸੰਨਯਾਸੀਆਂ ਨੇ ਸਚੀ ਬ੍ਰਿਤੀ ਜੋੜੀ ਰਖਣੀ ਹੈ, ਗੁਰੂ ਨਾਨਕ ਸਾਹਿਬ ਭਰਥਰ ਜੋਗੀ ਪ੍ਰਥਾਇ ਇਹ ਉਪਦੇਸ਼ ਉਚਾਰਣ ਕਰਕੇ ਸਗਲ ਜੋਗੀ ਸੰਨਯਾਸੀਆਂ ਭੇਖ ਧਾਰੀਆਂ ਨੂੰ ਸਚੇ ਮਾਰਗ ਤੇ ਪਾਉਂਦੇ ਹਨ ਅਤੇ ਸਚੇ ਪਾਰਬ੍ਰਹਮ ਏਕੋ ਵਾਹਿਗੁਰੂ ਦੇ ਸਰੂਪ ਵਿਚ ਲਿਵ ਲਾਉਣੀ ਸਿਖਾਉਂਦੇ ਹਨ।

(ਚਲਦਾ)



www.AKJ.Org

# ਪਿਰ ਕਿਵ ਮਿਲੇ ?

(ਵਲੋਂ—ਪ੍ਰੋ. ਹਰਬੰਸ ਸਿੰਘ ਜੀ)

ਸਾਰੇ ਜੀਵ ਕੰਤ-ਰੀਸਾਲੂ ਵਾਹਿਗੁਰੂ ਦੀਆਂ ਇਸਤ੍ਰੀਆਂ ਹਨ। ਇਸਤ੍ਰੀ ਆਪਣੇ ਕੰਤ ਬਾਝੋਂ ਰੰਗ ਰਲੀਆਂ ਨਹੀਂ ਮਾਣ ਸਕਦੀ। ਉਸ ਦਾ ਸੁਹਾਗ ਨਿਗੂਣਾ ਹੈ। ਕੰਤ ਦੇ ਮਿਲਣ ਕਰਕੇ ਹੀ ਉਹ ਸੁਹਾਗਣ ਭਾਗਣ ਅਤੇ ਸੋਭਾਵੰਤੀ ਨਾਰ ਹੋ ਸਕਦੀ ਹੈ। ਆਪਣੇ ਸ਼ਹੁ ਤੋਂ ਬਿਨਾ ਛੁੱਟੜ ਤੇ ਦੁਹਾਗਣ ਹੀ ਕਹਿਲਾਉਂਦੀ ਹੈ।

ਜੀਵ ਇਕ ਵਿਛੁੜੀ ਕੂੰਜ ਹੈ। ਇਸ ਨੇ ਆਪਣੀ ਡਾਰ ਨਾਲ ਮਿਲਣਾ ਹੈ। ਆਪਣੇ ਸ਼ਹੁ ਸਾਗਰ ਵਿਚ ਬੂੰਦ ਵਾਂਗ ਜਾ ਸਮਾਉਣਾ ਹੈ। ਆਪਣੇ ਪਿਰ ਦੀ ਸੇਜ ਮਾਨਣੀ ਹੈ। ਉਸਦੇ ਗਲ ਬਾਹਾਂ ਪਾਉਣੀਆਂ ਹਨ। ਪਿਰ ਬਾਝੋਂ ਇਸਤ੍ਰੀ ਦਾ ਜੀਵਨ ਕੌਡੀ ਦੇ ਮੁਲ ਦਾ ਭੀ ਨਹੀਂ। ਉਸਨੂੰ ਪਿਰ ਬਾਝੋਂ ਨੀਂਦ ਨਹੀਂ ਆਉਂਦੀ, ਰਾਤ ਨਹੀਂ ਬੀਤਦੀ, ਪਿਰ ਬਾਝੋਂ ਕੁਮਲਾਈ ਫਿਰਦੀ ਹੈ। ਪਿਰ ਮਿਲਣੇ ਦੀ ਸਿੱਕ ਆਪਣੇ ਹਿਰਦੇ ਵਿੱਚ ਜਮਾਈ ਬੈਠੀ ਹੈ। ਪਿਰ ਬਾਝੋਂ ਜੀਵਨ ਕਿਸ ਕੰਮ ? ਕਪੜੇ ਤਨ ਤੇ ਚੰਗੇ ਨਹੀਂ ਲਗਦੇ ਅਰ ਸ਼ਿੰਗਾਰ ਨਹੀਂ ਭਾਉਂਦਾ। ਅੰਨ ਪਾਣੀ ਖਾਣ ਨੂੰ ਜੀਅ ਨਹੀਂ ਕਰਦਾ। ਹਿਰਦੇ ਵਿੱਚ ਬੱਸ ਇੱਕੋ ਹੀ ਸਿੱਕ ਲੱਗੀ ਰਹਿੰਦੀ ਹੈ, 'ਪਿਰ ਮਿਲਣੇ ਦੀ' ਹਰ ਵੇਲੇ ਇਹੋ ਹੀ ਖਿਆਲ ਗੂੰਜਦਾ ਰਹਿੰਦਾ ਹੈ ਕਿ ਪਿਰ ਕਿਵੇਂ ਮਿਲੇ ? ਵਾਹਿਗੁਰੂ ਦਾ ਮਿਲਾਪ ਕਿਵੇਂ ਹੋਵੇ ?

ਜੇ ਬੱਚੇ ਨੂੰ ਕਿਸੇ ਗਲ ਦਾ ਪਤਾ ਨਾ ਲੱਗੇ ਤਾਂ ਉਹ ਇਕ ਦਮ ਆਪਣੇ ਮਾਪਿਆਂ ਨੂੰ ਪੁਛੇਗਾ। ਜੇ ਉਨ੍ਹਾਂ ਤੋਂ ਉਸ ਦੀ ਤਸੱਲੀ ਨਾ ਹੋਵੇ ਤਾਂ ਉਹ ਕਿਸੇ ਹੋਰ ਨੂੰ ਪੁਛੇਗਾ। ਜੇ ਕੋਈ ਗੂੜ੍ਹੀ ਗਲ ਹੋਵੇ ਤਾਂ ਉਹ ਉਸ ਕੋਲ ਜਾਵੇਗਾ ਜਿਸ ਨੂੰ ਉਸਦਾ ਗਿਆਨ ਹੋਵੇ। ਵਾਹਿਗੁਰੂ ਦੇ ਮਿਲਣ ਦੀ ਗਲ ਇਕ ਗੋਝ ਕਥਾ ਹੈ। ਇਸ ਰਸਤੇ ਦਾ ਪਤਾ ਕਰਨ ਲਈ ਸੱਚੇ ਗੁਰੂ ਅਥਵਾ ਸਤਿਗੁਰੂ ਦੇ ਸ਼ਿਸ਼ ਅਥਵਾ ਸਿੱਖ ਬਨਣਾ ਪਵੇਗਾ। ਸਤਿਗੁਰੂ ਦੇ ਸਿਖ ਬਣਿਆਂ ਸੱਚੀ ਸ਼ਿਖਸ਼ਾ ਮਿਲੇਗੀ ਜਿਹੜੀ ਸਤਿ ਮਾਰਗ ਤੇ ਪਾ ਦੇਵੇਗੀ ਅਤੇ ਜਿਸ ਤੇ ਚਲਿਆਂ ਵਾਹਿਗੁਰੂ ਸ਼ਹੁ ਨਾਲ ਮੇਲ ਹੋ ਜਾਵੇਗਾ। ਪਿਰ ਮਿਲ ਜਾਵੇਗਾ।

ਪਿਰ ਪਰਮੇਸ਼ਵਰ ਨੂੰ ਮਿਲਣ ਲਈ ਪਹਿਲਾ ਕੰਮ ਇਹੋ ਹੀ ਹੈ ਕਿ ਸਤਿਗੁਰੂ ਦੀ ਸ਼ਰਨ ਆਇਆ ਜਾਏ। ਜੋ ਪ੍ਰਾਣੀ ਸਤਿਗੁਰੂ ਦੀ ਸ਼ਰਨ ਆਉਂਦਾ ਹੈ, ਸਤਿਗੁਰੂ ਉਸਨੂੰ ਆਪਣੇ ਗਲ ਲਾਉਂਦਾ ਹੈ ਅਤੇ ਆਪਣੇ ਬਿਰਦ ਦੀ ਲਾਜ ਰਖਦਾ ਹੈ। ਉਸਨੂੰ ਗੁਰ-ਦੀਖਿਆ ਦਿੰਦਾ ਹੈ। ਮਨਮੁਖ ਤੋਂ ਗੁਰਮੁਖ ਬਣਾਉਂਦਾ ਹੈ ਅਤੇ ਗਾਡੀ ਰਾਹ ਪਾ ਦਿੰਦਾ ਹੈ। ਗੁਰਮਤਿ ਦਾ ਰਸਤਾ ਗਾਡੀ ਰਾਹ ਹੈ। ਸਿੱਧਾ ਪੱਧਰਾ ਰਸਤਾ ਹੈ। ਆਪਣੇ ਗੁਰੂ ਤੇ ਭਰੋਸਾ ਰੱਖਿਆਂ ਅਤੇ ਗੁਰਮਤਿ ਦੇ ਰਸਤੇ ਚਲਿਆਂ ਪਿਰ ਮਿਲ ਜਾਂਦਾ ਹੈ।

ਏਸ ਵੇਲੇ ਸਾਡੇ ਸਤਿਗੁਰੂ ਦਸੋਂ ਪਾਤਿਸ਼ਾਹੀਆਂ (ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ) ਦੀ ਆਤਮਕ ਜੋਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਆਓ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਓਟ ਲੈ ਕੇ ਦੇਖੀਏ ਕਿ ਸਤਿਗੁਰੂ ਜੀ ਨੇ ਪਿਰ ਪ੍ਰਮਾਤਮਾ ਨੂੰ ਮਿਲਣ ਸੰਬੰਧੀ ਕੀ ਕੁਝ ਕਿਹਾ ਹੈ।



www.AKJ.Org

ਪ੍ਰਸ਼ਨ :—'ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ?'

ਉਤਰ :—ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ ਜਾਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥ ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥ (ਤਿਲੰਗ ਮ: ੧)

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਹੁ ਬਾਬਤ ਸੁਹਾਗਣੀ ਕੋਲੋਂ ਪੁਛੋ ਕਿ ਸਹੁ ਵਾਹਿਗੁਰੂ ਕਿਨ ਬਿਧ ਮਿਲਦਾ ਹੈ। ਸ਼ਹੁ ਦੀ ਸਾਰ ਸੋਹਾਗਣੀ ਹੀ ਜਾਣਦੀ ਹੈ ਕਿਉਂ ਜੋ ਉਹ ਸ਼ਹੁ ਦੀ ਨਾਰ ਬਣ ਚੁਕੀ ਹੈ। ਸੁਹਾਗਣ ਤੋਂ ਛੁਟ ਹੋਰ ਕੋਈ ਉਸ ਬਾਰੇ ਕੀ ਦਸ ਸਕਦਾ ਹੈ।

'ਸਹ ਕੀ ਸਾਰ ਸੁਹਾਗਨਿ ਜਾਨੈ ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥'

ਸੁਹਾਗਣੀ ਦਾ ਸਹੁ ਨੂੰ ਮਿਲਣ ਬਾਰੇ ਕੀ ਉਤ੍ਰ ਹੈ ? :—

੧. ਸਹੁ ਦੇ ਭਾਣੇ ਨੂੰ ਸਤਿ ਕਰਿ ਕੇ ਮੰਨੀਏ ਅਤੇ ਉਸਦੇ ਹੁਕਮਾਂ ਅੰਦਰ ਰਹੀਏ,
੨. ਸਹੁ ਦੇ ਚਰਨਾਂ ਵਿੱਚ ਚਿੱਤ ਨੂੰ ਟਿਕਾਈਏ। ਉਸ ਨਾਲ ਪ੍ਰੇਮ ਪਾਈਏ।
੩. ਜਿਵੇਂ ਸਹੁ ਕਹੇ ਤਿਵੇਂ ਹੀ ਕਰੀਏ। ਤਨ ਅਤੇ ਮਨ ਉਸ ਦੇ ਹਵਾਲੇ ਕਰ ਦਈਏ।

ਇਹੋ ਜਿਹਾ ਪ੍ਰੇਮ ਪਾਈਏ। ਸੁਹਾਗਣੀ ਕਹਿੰਦੀ ਹੈ ਕਿ ਹੇ ਭੈਣੇ ! ਇਨ੍ਹਾਂ ਗੱਲਾਂ ਕਰਕੇ ਸ਼ਹੁ ਨੂੰ ਪਾਈਦਾ ਹੈ।

ਗੁਰੂ ਨਾਨਕ ਦੇਵ ਜੀ ਫਿਰ ਕਹਿੰਦੇ ਹਨ ਕਿ ਸੁਹਾਗਣੀ ਨੂੰ ਜਾ ਕੇ ਪੁੱਛੋ ਕਿ ਤੁਸੀਂ ਸਹੁ ਨੂੰ ਕਿਵੇਂ ਰਾਵਿਆ ?

ਪ੍ਰਸ਼ਨ :—ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ?

ਉਤਰ :—ਸਹਿਜ ਸੰਤੋਖਿ ਸੀਗਾਰੀਆ ਮਿਠਾ ਬੋਲਣੀ। ਪਿਰ ਰੀਸਾਲੁ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ। (ਸਿਰੀ ਰਾਗੁ ਮ: ੧)

ਕਾਮਣ ਸਹਜਿ (ਧੀਰਜ) ਅਤੇ ਸੰਤੋਖ (ਸਬਰ) ਦਾ ਸ਼ਿੰਗਾਰ ਕਰੇ। ਮਿੱਠਾ ਬੋਲੇ। ਪਿਰ ਰੀਸਾਲੂ ਤਾਂ ਮਿਲੇਗਾ ਜੇ ਗੁਰੂ ਦਾ ਸ਼ਬਦ ਅਥਵਾ ਗੁਰਬਾਣੀ (ਗੁਰਬਚਨ) ਸੁਣੇ ਕਿਉਂ ਜੋ ਗੁਰੂ ਦੇ ਸ਼ਬਦ ਦੁਆਰਾ ਸ਼ੁਭ ਗੁਣ ਗ੍ਰਹਿਣ ਹੁੰਦੇ ਹਨ ਅਤੇ ਸੱਚ ਦੀ ਸੋਝੀ ਆਉਂਦੀ ਹੈ।

ਗੁਰੂ ਅੰਗਦ ਦੇਵ ਜੀ ਇਉਂ ਕਹਿੰਦੇ ਹਨ :—

'ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ,
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ'
(ਵਾਰ ਮਾਝ ਮ: ੧)

ਗੁਰੂ ਜੀ ਕਹਿੰਦੇ ਹਨ ਕਿ ਵਾਹਿਗੁਰੂ ਦੇ ਭੈ (ਡਰ) ਵਿਚ ਰਹਿੰਦਿਆਂ ਭਉ (ਪ੍ਰੇਮ) ਵਿਚ ਸੁਰਤੀ ਨੂੰ ਰਖਦਿਆਂ ਕੰਤ ਮਿਲ ਜਾਂਦਾ ਹੈ।

ਇਸੇ ਹੀ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ :—

'ਭੈ ਭਾਇ ਸੀਗਾਰੁ ਬਣਾਏ।
ਗੁਰਪਰਸਾਦੀ ਮਹਲੁ ਘਰੁ ਪਾਏ।'

ਕਾਮਣ ਭੈ ਅਤੇ ਭਉ ਦੇ ਸੀਗਾਰ ਬਣਾਏ ਅਤੇ ਗੁਰੂ ਦੀ ਕਿਰਪਾ ਦੁਆਰਾ ਸੱਚੇ ਦੇ ਮਹਿਲਾਂ ਵਿਚ ਵਾਸਾ ਮਿਲੇ।

ਪ੍ਰਭੂ ਮਿਲਣੇ ਦੀ ਕਿਆ ਨਿਸ਼ਾਨੀ ਹੈ ? ਗੁਰੂ ਅਰਜਨ ਦੇਵ ਜੀ ਇਉਂ ਫੁਰਮਾਉਂਦੇ ਹਨ :—

'ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ।
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ। ਰਹਾਉ।
ਸਖੀ ਸਹੇਲੀ ਕਉ ਸਮਝਾਵੈ।
ਸੋਈ ਕਮਾਵੈ ਜੋ ਪ੍ਰਭ ਭਾਵੈ।
ਸਾ ਸੋਹਾਗਣਿ ਅੰਕਿ ਸਮਾਵੈ।'
(ਸੂਹੀ ਮ: ੫)

ਗੁਰੂ ਜੀ ਕਹਿੰਦੇ ਹਨ ਕਿ ਲੋਕ ਲਾਜ ਛੱਡ ਕੇ ਤਨ ਅਤੇ ਮਨ ਸਹੁ ਦੇ ਹਵਾਲੇ ਕਰ ਦਿਓ। ਜੋ ਪ੍ਰਭੂ ਨੂੰ ਚੰਗਾ ਲਗੇ ਓਹੀ ਕਰੇ। ਇਸ ਤਰ੍ਹਾਂ ਸੋਹਾਗਵਤੀ ਸ਼ਹੁ ਦੇ ਨਾਲ ਮਿਲ ਜਾਵੇਗੀ। ਕਾਮਣ



www.AKJ.Org

ਨੂੰ ਇਹ ਚੱਜ ਆਚਾਰ ਕਿਥੋਂ ਪਤਾ ਲਗਣਗੇ ? ਗੁਰੂ ਅਮਰਦਾਸ ਜੀ ਕਹਿੰਦੇ ਹਨ :—

ਪ੍ਰਸ਼ਨ :—'ਹਰਿ ਜੀ ਸੂਖਮੁ ਅਗਮੁ ਹੈ
ਕਿਤੁ ਬਿਧਿ ਮਿਲਿਆ ਜਾਇ ?
ਉਤਰ :—ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ
ਵਸੈ ਮਨਿ ਆਇ ।

(ਸੂਹੀ ਮ: ੩)

ਗੁਰੂ ਦਾ ਸ਼ਬਦ ਅਗਿਆਨਤਾ ਦੂਰ ਕਰੇਗਾ ਅਤੇ ਗਿਆਨ ਦਾ ਦੀਵਾ ਬਾਲ ਦੇਵੇਗਾ । ਸਤਿ ਦਾ ਮਾਰਗ ਦਿਸਣ ਲਗ ਪਵੇਗਾ ਅਤੇ ਵਾਹਿਗੁਰੂ ਅਚਿੰਤੇ ਹੀ ਮਨ ਵਸ ਜਾਏਗਾ ।

ਗੁਰ ਕਾ ਸ਼ਬਦ ਸਾਰੇ ਭ੍ਰਮ ਭੇਦ ਦੂਰ ਕਰ ਦਿੰਦਾ ਹੈ, ਕਾਮਣ ਕੰਤ ਦੇ ਹੁਕਮ ਨੂੰ ਪਛਾਨਣ ਲਗ ਜਾਂਦੀ ਹੈ । ਪਿਰ ਪ੍ਰੇਮ ਦੀ ਖੁਸ਼ਬੋ ਆਪਣੇ ਅੰਗ ਲਾਉਂਦੀ ਹੈ । ਸੁਹਾਗਣੀਆਂ ਵਾਲੇ ਗੁਣ ਪੈਦਾ ਕਰ ਲੈਂਦੀ ਹੈ ਅਤੇ ਫਿਰ ਕੰਤ ਨੂੰ ਪਾ ਲੈਂਦੀ ਹੈ। ਗੁਰੂ ਰਾਮਦਾਸ ਜੀ ਨੇ ਇਉਂ ਹੀ ਤਾਂ ਉਚਾਰਿਆ ਹੈ—

'ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ,
ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ।

(ਤਿਲੰਗ ਮ: ੪)

ਗੁਰੂ ਰਾਮਦਾਸ ਜੀ ਕਹਿੰਦੇ ਹਨ :—

'ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ
ਇਤੁ ਮਾਰਗਿ ਭੈਣੇ ਮਿਲੀਐ ।
ਆਪਨੜਾ ਪ੍ਰਭ ਨਦਰਿ ਕਰਿ ਦੇਖੈ
ਨਾਨਕ ਜੋਤੀ ਜੋਤਿ ਰਲੀਐ ।'

(ਵਡਹੰਸ ਮ: ੪)

ਆਪਣਾ ਮਨ ਅਤੇ ਤਨ ਪ੍ਰਭੂ ਦੇ ਹਵਾਲੇ ਕਰ ਦਿਓ । ਜਦੋਂ ਪ੍ਰਭੂ ਬਖਸ਼ਸ਼ ਦੀ ਨਜ਼ਰ ਕਰਕੇ ਦੇਖੇਗਾ ਤਾਂ ਜੀਵ ਉਸ ਪਰਮ ਜੋਤ ਵਿਚ ਮਿਲ ਜਾਵੇਗਾ ।

ਪ੍ਰਭੂ ਕਿਰਪਾਲੂ ਕੰਤ ਸਰਵ-ਵਿਆਪੀ ਹੁੰਦੇ ਹੋਏ ਸਚੇ ਮਹਿਲਾਂ ਸੱਚਖੰਡ, ਵਿਚ ਵਾਸ ਰਖਦਾ ਹੈ । ਉਸਦੇ ਮਹਿਲ ਬੇਗਮਪੁਰਾ ਹਨ । ਕਰਤਾਰ ਦੀ ਪੁਰੀ ਅਨੰਦ ਵੱਸਣ ਕਾਰਨ ਅਨੰਦਪੁਰ ਹੀ ਤਾਂ ਕਹਿਲਾਉਂਦੀ ਹੈ । ਅਜੇਹੀ ਅਨੰਦ ਦੀ ਪੁਰੀ ਅਗਮਪੁਰੇ ਨੂੰ ਕਿਸ ਤਰ੍ਹਾਂ ਜਾਇਆ ਜਾ ਸਕਦਾ ਹੈ ਤਾਂ ਜੋ ਸ਼ਹੁ ਮਿਲ ਪਵੇ ।

ਪ੍ਰਸ਼ਨ :—ਤਿਤੁ ਅਗਮ ਤਿਤੁ ਅਗਮਪੁਰੇ
ਕਹੁ ਕਿਤੁ ਬਿਧਿ ਜਾਈਐ ਰਾਮ ?
ਉਤਰ :—ਸਚੁ ਸੰਜਮੋ ਸਾਰਿ ਗੁਣਾ
ਗੁਰ ਸਬਦੁ ਕਮਾਈਐ ਰਾਮ ।
ਸਚੁ ਸਬਦੁ ਕਮਾਈਐ
ਨਿਜ ਘਰਿ ਜਾਈਐ
ਪਾਈਐ ਗੁਣੀ ਨਿਧਾਨਾ ।

(ਆਸਾ ਮ: ੧)

ਕਰਤਾ (ਵਾਹਿਗੁਰੂ) ਦੇ ਕਰਤਾਰਪੁਰ ਜਿਹੜੀ ਅਨੰਦ ਦੀ ਪੁਰੀ ਹੈ, ਨੂੰ ਕਿਸ ਤਰ੍ਹਾਂ ਜਾਇਆ ਜਾਏ ? ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਾਰੇ ਗੁਣਾਂ ਦਾ ਨਚੋੜ ਗੁਰ-ਸ਼ਬਦ (ਗੁਰ-ਮੰਤਰ) ਦੀ ਕਮਾਈ ਕੀਤੀ ਜਾਵੇ । ਗੁਰੂ ਦੇ ਮੰਤਰ ਦੀਆਂ ਕੰਨੀ ਮੁੰਦਰਾਂ ਪਾ ਕੇ ਸੱਚੇ ਜੋਗੀ ਬਣਿਆ ਜਾਏ । ਨਿਤ ਉਠ ਅਲਖ ਜਗਾਈ ਜਾਏ । ਜਦੋਂ ਦਾਤੇ ਦੀ ਮੇਹਰ ਹੋਵੇਗੀ ਆਪੇ ਹੀ ਗਲ ਲਾ ਲਵੇਗਾ । ਅਚਿੰਤੇ ਹੀ ਮਨ ਵਿਚ ਵਸ ਜਾਵੇਗਾ । ਅੰਜਨ ਮਹਿ ਨਿਰੰਜਨ ਹੋ ਜਾਵੇਗਾ । ਨਦਰੀ ਨਦਰ ਨਿਹਾਲ ਹੋ ਜਾਵੇਗਾ ।

ਸੁਖ, ਦੁਖ, ਭੁਖ ਅਥਵਾ ਹਰ ਹਾਲਤ ਵਿਚ, ਦਿਨ-ਰਾਤ ਸਾਂਝ ਸਵੇਰੇ, ਨਿਸ ਦਿਨ, ਸਵਾਸ ਸਵਾਸ ਦਮ-ਬ ਦਮ, ਬਾਰ ਬਾਰ, ਉਠਦਿਆਂ ਬਹਿੰਦਿਆਂ, ਸੌਂਦਿਆਂ ਜਾਗਦਿਆਂ, ਕਾਰ ਵਿਹਾਰ ਕਰਦਿਆਂ ਗੁਰ-ਮੰਤਰ ਰਿਦੇ ਚਿਤਾਰਿਆ ਜਾਏ। ਨਾਮ ਦਾ ਖੰਡਾ ਖੜਕਾਇਆ ਜਾਏ । ਪਪੀਹੇ ਵਤ ਪ੍ਰਿਉ ਪ੍ਰਿਉ ਗੁਰੂ ਗੁਰੂ, ਵਾਹ ਵਾਹ, ਵਾਹਿਗੁਰੂ ਵਾਹਿਗੁਰੂ ਜਪਿਆ ਜਾਏ । ਰੈਨਿ ਦਿਨਸ ਪ੍ਰਭੂ ਦੀ ਸੇਵਾ (ਨਾਮ ਸਿਮਰਨ—ਹਰਿ ਭਗਤ) ਕੀਤੀ ਜਾਏ । ਕਰਤਾ ਆਪੇ ਕਿਰਪਾ ਕਰਕੇ ਵਸੇਗਾ । ਛਹਿਬਰ ਲਾਏਗਾ ਤਨ ਮਨ ਸੀਤਲ ਹੋ ਜਾਏਗਾ ।

ਰੈਨਿ ਦਿਨਸੁ ਪ੍ਰਭ ਸੇਵ ਕਮਾਨੀ ।
ਹਰਿ ਮਿਲਣੈ ਕੀ ਏਹ ਨੀਸਾਨੀ ।

(ਰਾਮਕਲੀ ਮ: ੫)



www.AKJ.Org

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ। ਤਿਆਗੇਂ ਮਨ ਕੀ ਮਤੜੀ ਵਿਸਾਰੇ ਦੂਜਾ ਭਾਉ ਜੀਉ। ਇਉਂ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ।

(ਸੂਹੀ ਮ: ੫)

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਭਾਈ ਜਨੋ ਇਸ ਰਸਤੇ ਚਲੋ। ਮਨ ਦੀ ਮਤ (ਮਨਮਤ) ਛੱਡੋ। ਏਹੜ ਤੇਹੜ ਦਾ ਪ੍ਰੇਮ ਤਿਆਗੋ। ਜੋ ਗੁਰੂ ਕਹੇ ਸੋ ਕੰਮ ਕਰੋ।ਇਉਂ ਪ੍ਰਭੂ ਦਾ ਦਿਦਾਰ ਹੋ ਜਾਵੇਗਾ ਅਤੇ ਤੱਤੀ ਹਵਾ ਨਾਂ ਲਗੇਗੀ।

ਤਾਂ ਤੇ ਫਿਰ ਮਨ ਦੀ ਮਤ ਤਿਆਗਣੀ ਹੋਈ ਅਤੇ ਗੁਰੂ ਦੀ ਮਤ ਗ੍ਰਹਿਣ ਕਰਣੀ ਹੋਈ। ਹਰੀ ਦੀ ਸੇਵਾ (ਹਰਿ ਭਗਤ) ਕਰਨੀ ਹੋਈ। ਇਹ ਗੁਰੂ ਦਾ ਹੁਕਮ ਹੈ'ਹੁਕਮਿ ਮੰਨਿਐ ਹੋਵੈ ਪਰਵਾਣੁ' ਹੁਕਮ ਦੇ ਮੰਨਣ ਨਾਲ ਦਰ ਕਬੂਲੇ ਜਾਈਦਾ ਹੈ।

ਗੁਰੂ ਦਾ ਤਾਂ ਹੁਕਮ ਫਿਰ ਇਉਂ ਭੀ ਹੈ :—

'ਪਰਹਰਿ ਕਾਮ ਕ੍ਰੋਧ ਝੂਠੁ ਨਿੰਦਾ
ਤਜਿ ਮਾਇਆ ਅਹੰਕਾਰ ਚੁਕਾਵੈ।
ਤਜਿ ਕਾਮੁ ਕਾਮਿਨੀ ਮੋਹੁ ਤਜੈ
ਤਾਂ ਅੰਜਨ ਮਾਹਿ ਨਿਰੰਜਨ ਪਾਵੈ।
ਤਜਿ ਮਾਨੁ ਅਭਮਾਨੁ ਪ੍ਰੀਤਿ ਸੁਤ ਦਾਰਾ
ਤਜਿ ਪਿਆਸ ਆਸ ਰਾਮ ਲਿਵ ਲਾਵੈ।
ਨਾਨਕ ਸਾਚਾ ਮਨਿ ਵਸੈ
ਸਾਚ ਸਬਦਿ ਹਰਿਨਾਮਿ ਸਮਾਵੈ।

(ਮ: ੪ ਵਾਰ ਮਾਝ)

ਉਪਰਲੇ ਸ਼ਬਦ ਵਿਚ ਮਨਾਹੀ ਵਾਲੀਆਂ ਗੱਲਾਂ ਇਹ ਹਨ :—

(1) ਕਾਮ (ਇਸਤ੍ਰੀ ਪੁਰਸ਼ ਦਾ ਭੋਗ)
(2) ਕ੍ਰੋਧ (ਗੁਸਾ)
(3) ਝੂਠ
(4) ਨਿੰਦਾ
(5) ਹੰਕਾਰ (ਅਭਿਮਾਨ)
(6) ਮੋਹ
(7) ਲੋਭ

ਇਸ ਦਾ ਮਤਲਬ ਇਹ ਹੋਇਆ ਕਿ ਪੰਜ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੋਂ ਬਚਕੇ ਰਹਿਣਾ ਚਾਹੀਦਾ ਹੈ, ਝੂਠ ਨਹੀਂ ਬੋਲਣਾ ਚਾਹੀਦਾ ਅਤੇ ਨਿੰਦਾ ਚੁਗਲੀ ਨਹੀਂ ਕਰਨੀ ਚਾਹੀਦੀ। ਇਹ ਸਾਰੀਆਂ ਬਖੀਲੀਆਂ ਛਡ ਕੇ ਪ੍ਰਮਾਤਮਾ ਨਾਲ ਲਿਵ ਜੋੜਨੀ ਚਾਹੀਦੀ ਹੈ। ਇਸ ਤਰ੍ਹਾਂ ਸੱਚੀ ਕਾਰੇ ਲੱਗਿਆਂ ਆਪਣੇ ਅੰਦਰ ਹੀ ਵਾਹਿਗੁਰੂ ਪਿਤਾ ਨੂੰ ਪਾ ਲਈਦਾ ਹੈ।

'ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ
ਛੁਟਕੈ ਦੁਰਮਤਿ ਅਪੁਨੀ ਧਾਰੀ।
ਹੋਇ ਨਿਮਾਣੀ ਸੇਵ ਕਮਾਵਹਿ
ਤਾ ਪ੍ਰੀਤਮ ਹੋਵਹਿ ਮਨਿ ਪਿਆਰੀ।'

(ਆਸਾ ਮ: ੫)

ਇਤ ਮਾਰਗ ਸਤਿਗੁਰੂ ਦੀ ਕਿਰਪਾ ਦ੍ਰਿਸ਼ਟੀ ਦੁਆਰਾ ਹੀ ਚਲਿਆ ਜਾ ਸਕਦਾ ਹੈ। ਅਸੀਂ ਅਲਪੱਗ ਜੀਵ ਕੀ ਕਰ ਸਕਦੇ ਹਾਂ। ਸਿਰਫ ਗੁਰੂ ਦੇ ਗੋਲੇ (ਸੇਵਕ) ਬਣਿਆਂ ਹੀ ਪੂਰੀ ਪੈ ਸਕਦੀ ਹੈ, ਜਿਨ੍ਹਾਂ ਤੇ ਸਤਿਗੁਰੂ ਦੀ ਮੇਹਰ ਹੋ ਜਾਂਦੀ ਹੈ, ਉਹਨਾਂ ਦੇ ਬੰਧਕ ਟੁਟ ਜਾਂਦੇ ਹਨ, ਮਾਇਆ ਜਾਲ ਨਵਿਰਤ ਹੋ ਜਾਂਦਾ ਹੈ, ਬੰਦਖਲਾਸੀ ਹੋ ਜਾਂਦੀ ਹੈ ਅਤੇ ਸਾਧ ਸੰਗਤ ਵਿਚ ਲਿਵ ਲਗ ਜਾਂਦੀ ਹੈ। ਉਹ ਸਾਧ ਸੰਗਤ ਵਿਚ ਜਾ ਕੇ ਹਰਿ ਜਸ ਗਾਉਂਦੇ ਸੁਣਦੇ ਹਨ। ਏਸ ਤਰ੍ਹਾਂ ਉਹ ਪੌੜੀਓਂ ਪੌੜੀ ਚੜ੍ਹਦੇ ਹੋਏ ਕਰਤਾਰ ਦੇ ਮਹਿਲ 'ਬੇਗਮਪੁਰੇ' ਪੁਜ ਜਾਂਦੇ ਹਨ। ਵਾਹਿਗੁਰੂ ਜੀ ਦਾ ਮਿਲਾਪ ਹੋ ਜਾਂਦਾ ਹੈ। ਭ੍ਰਮ ਭੈ ਦੂਰ ਹੋ ਜਾਂਦੇ ਹਨ। ਸਹਿਜ ਅਵਸਥਾ ਵਿਚ ਅੱਪੜ ਜਾਂਦੇ ਹਨ ਜੋਤ ਨਾਲ ਜੋਤ ਸਮਾ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਇਉਂ ਹੀ ਦਸਦੇ ਹਨ :—

'ਜਿਨਕੇ ਬੰਧਨ ਕਾਟੇ ਸਤਿਗੁਰ
ਤਿਨ ਸਾਧ ਸੰਗਤਿ ਲਿਵਲਾਈ।
ਪੰਚ ਜਨਾ ਮਿਲਿ ਮੰਗਲੁ ਗਾਇਆ
ਹਰਿ ਨਾਨਕ ਭੇਦੁ ਨ ਭਾਈ।
ਮੇਰੋ ਰਾਮਰਾਇ ਇਨ ਬਿਧਿ ਮਿਲੈ ਗੁਸਾਈ*


www.AKJ.Org

# ਕੀ ਗੁਰੂ ਨਾਨਕ ਜੀ ਵਿਚ ਕੋਈ ਸ਼ਕਤੀ ਹੀ ਨਹੀਂ ਸੀ ? ਕਰਾਮਾਤੀ ਅਤੇ ਚਮਤਕਾਰੀ ਕਥਾਵਾਂ ਕੀ ਗੱਪਾਂ ਹੀ ਹਨ ?

(ਵਲੋਂ—ਗਿਆਨੀ ਗੁਰਦਿਤ ਸਿੰਘ ਸੰਪਾਦਕ 'ਪ੍ਰਕਾਸ਼' ਪਟਿਆਲਾ)

ਗੁਰੂ ਨਾਨਕ ਜੀ ਦਾ ਪੰਜ ਸੌ ਸਾਲਾ ਉਤਸ਼ਵ ਦੇ ਏਸੇ ਸਾਲ ਵਡੀ ਪੱਧਰ ਉਤੇ ਮਨਾਉਣ ਦਾ ਇਕ ਵੱਡਾ ਸਿੱਟਾ ਇਹ ਨਿਕਲਿਆ ਹੈ ਕਿ ਗੁਰੂ ਨਾਨਕ ਅਖਾਉਤੀ ਬੁਧੀਵਾਦੀਆਂ ਦੇ ਧੱਕੇ ਚੜ੍ਹ ਗਏ ਤੇ ਉਹਨਾਂ ਨੇ ਗੁਰੂ ਨਾਨਕ ਜੀ ਨੂੰ ਗੁਰੂ ਪਦ ਦੀ ਉਚ ਗੌਰਵਤਾ ਤੋਂ ਲਾਹ ਦਿਤਾ ਹੈ। ਉਸ ਗੌਰਵਤਾ ਤੋਂ ਜੋ ਉਹਨਾਂ ਨੇ ਆਪਣੀ ਜੀਵਨ ਭਰ ਦੀ ਘਾਲਣਾ ਨਾਲ ਕਾਇਮ ਕੀਤੀ ਅਤੇ ਦਸਾਂ ਗੁਰੂਆਂ ਨੇ ਜਿਸ ਪੱਧਤੀ ਦੀ ਸਖਾਖਤੀ ਦੇ ਵਿਕਾਸ ਲਈ ਜੀਅ-ਦਾਨੀ ਕਾਰਨਾਮੇ ਕੀਤੇ ਸੀ, ਜਿਨ੍ਹਾਂ ਕਾਰਨਾਮਿਆਂ ਦੀ ਪ੍ਰੇਰਨਾ ਉਹਨਾਂ ਗੁਰੂਆਂ ਦੇ ਨਾਮਲੇਵਾ ਸਿਖਾਂ ਨੂੰ ਕੁਰਬਾਨੀ ਦੇ ਖੇਤਰ ਲਈ ਪ੍ਰੇਰਨਾ ਰੂਪ ਬਣੀ ਰਹੀ, ਤੇ ਸਿਖ ਉਸ ਦੇ ਬਲ-ਬੋਤੇ ਨਾਲ ਹਰ ਮੈਦਾਨ ਵਿਚ, ਜਾਨਾਂ ਹੂਲਦੇ ਰਹੇ ਚਰੱਖੜੀਆਂ ਤੇ ਚੜ੍ਹ ਕੇ ਬੰਦ ਬੰਦ ਕਟਵਾ ਕੇ, ਰਣ-ਤੱਤੇ ਵਿਚ ਗੁਰੂ ਦੇ ਅਥਾਹ ਬਲ ਤੇ ਤਾਣ ਦਾ ਸਹਾਰਾ ਲੈ ਕੇ ਇਕ ਇਕ 'ਬੋਤਾ ਸਿੰਘ' ਸਵਾ ਲੱਖ ਨੂੰ ਹੀ ਨਹੀਂ, ਸਗੋਂ ਸਲਤਨਤਾਂ ਨੂੰ ਵੰਗਾਰਾਂ ਪਾਉਂਦਾ ਰਿਹਾ ਹੈ, ਸਾਡੇ ਇਹਨਾਂ ਅਖਾਉਤੀ ਬੁਧੀ ਵਾਦੀਆਂ ਸਿਖੀ ਦੀ ਕਣੀ ਤੇ ਰਹੱਸ ਨੂੰ ਨਾ ਜਾਣਨ ਵਾਲਿਆਂ, ਮੁੰਡੇ ਕੁੜੀਆਂ ਨਾਲ ਮਗਜ਼-ਪੱਚੀ ਕਰਨ ਤੇ ਕੁਝ ਕਲਮ ਝਰੀਟ ਹਮਾਤੜ ਲੇਖਕ ਕਹਾਉਣ ਵਾਲਿਆਂ ਨੇ ਪਹਿਲੀ ਤੇ ਵੱਡੀ ਅਕਲ ਦੀ ਗੱਲ ਲੋਕਾਂ ਨੂੰ ਇਹ ਦੱਸੀ ਹੈ ਕਿ ਗੁਰੂ ਨਾਨਕ ਸਾਧਾਰਨ ਵਿਅਕਤੀ ਵਧ ਤੋਂ ਵਧ ਸੁਧਾਰਕ ਹੀ ਸਨ, ਦੂਜੇ ਅਰਥਾਂ ਵਿਚ ਗੁਰੂ ਨਾਨਕ ਜੀ ਵਿਚ ਕੋਈ ਚਮਤਕਾਰ ਜਾਂ ਸ਼ਕਤੀ ਨਹੀਂ ਸੀ। ਜਿਸ ਕਿਸੇ ਲੇਖਕ ਜਾਂ ਪ੍ਰੋਫੈਸਰ ਨੇ ਕਿਤਾਬ ਜਾਂ ਕੋਈ ਨਿਬੰਧ ਲਿਖਿਆ ਹੈ ਇਹਨਾਂ ਗੱਲਾਂ ਤੇ ਏਨਾਂ ਜ਼ੋਰ ਦਿਤਾ ਹੈ ਤਾਂ ਜੋ ਉਨ੍ਹਾਂ ਨੂੰ ਨਿਰਲੇਪ ਖੋਜੀ ਸਮਝਨ ਵਾਲੇ ਨਿਸੰਗ ਗੈਰ ਸਿੱਖ ਵੀ ਆਖ ਸਕਣ। ਅਗੋਂ ਇਹ ਗੱਲ ਇਤਨੀ ਪ੍ਰਮਾਣੀਕ ਰੂਪ ਵਿਚ ਸਿੱਖਾਂ ਨੇ ਪ੍ਰਵਾਨ ਕਰ ਲਈ ਹੈ ਕਿ ਜਿੰਨੀਆਂ ਅਜੇਹੀਆਂ ਕਿਤਾਬਾਂ ਤੇ ਲੇਖ ਨਿਕਲੇ ਹਨ ਕਿਸੇ ਸਿੱਖ, ਵਿਦਵਾਨ ਜਾਂ ਸੋਚੂ ਨੇ ਉਹਨਾਂ ਨੂੰ ਗਲਤ ਤਾਂ ਕੀ ਕਹਿਣਾ ਸੀ ਲਾ-ਤਅੱਲਕੀ ਵੀ ਪ੍ਰਗਟ ਨਹੀਂ ਕੀਤੀ। ਸਗੋਂ ਬੜੇ ਬੜੇ ਵਿਦਵਾਨ ਅਤੇ ਮੁਖੀਏ ਕਹਾਉਣ ਵਾਲੇ ਲੋਕਾਂ ਨੇ ਜੋ ਕਿਤਾਬਾਂ ਤੇ ਲੇਖ ਲਿਖੇ ਹਨ ਤੇ ਉਹ ਏਨੇ ਸਹਿਮ ਗਏ ਹਨ ਕਿ ਅਜੇਹੀਆਂ ਗੱਲਾਂ, ਜਿਨ੍ਹਾਂ ਤੋਂ ਗੁਰੂ ਜੀ ਦੀ ਅਜ਼ਮਤ ਪ੍ਰਗਟ ਹੁੰਦੀ

---

*ਸਹਜੁ ਭਇਆ ਭ੍ਰਮ ਖਿਨ ਮਹਿ ਨਾਠਾ
ਮਿਲਿ ਜੋਤੀ ਜੋਤਿ ਸਮਾਈ।
(ਗਉੜੀ ਮ: ੫)

ਭਗਤ ਰਵਿਦਾਸ ਜੀ ਭੀ ਇਉਂ ਹੀ ਕਹਿ ਗਏ ਹਨ :—

'ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ।
ਸਾਧ ਸੰਗਤਿ ਪਾਈ ਪਰਮਗਤੇ।'
(ਰਾਗ ਮਲਾਰ)



www.AKJ.Org

ਸੀ ਗਲਤ ਮੰਨ ਕੇ ਜਾਂ ਤਾਂ ਉਂਝ ਹੀ ਖਾ ਗਏ ਹਨ ਜਾਂ ਉਹਨਾਂ ਘਟਨਾਵਾਂ ਨੂੰ ਹੋਰ ਤਰ੍ਹਾਂ ਦੇ ਅਰਥ ਦੇ ਕੇ ਗੱਲ ਟਾਲ ਗਏ ਹਨ। ਕਈਆਂ ਵਿਦਵਾਨਾਂ ਨੇ ਤਾਂ ਸਿੱਧੇ ਤੌਰ ਤੇ ਇਹ ਮੰਨ ਹੀ ਲਿਆ ਹੈ ਕਿ ਗੁਰੂ ਜੀ ਵਿਚ ਕੋਈ ਸ਼ਕਤੀ ਜਾ ਕਰਾਮਾਤ ਹੈ ਹੀ ਨਹੀਂ ਸੀ, ਤੇ ਅਜੇਹੀਆਂ ਗੱਲਾਂ ਜੋ ਗੁਰੂ ਜੀ ਬਾਰੇ ਪ੍ਰਚਲਤ ਹਨ ਹੋ ਹੀ ਨਹੀਂ ਸਕਦੀਆਂ ਤੇ ਇਹ ਮੂਲੋਂ ਅਸੰਭਵ ਹਨ ਜੋ ਗੁਰੂ ਜੀ ਦੇ ਜੀਵਨ ਨਾਲ ਵਾਧੂ ਦੀਆਂ ਜੋੜੀਆਂ ਗਈਆਂ ਹਨ।

ਇਸ ਮਸਲੇ ਵਿਚ ਪਹਿਲਾਂ 'ਪ੍ਰਗਾੜ-ਪ੍ਰਹਾਰ' ਜਨਮ-ਸਾਖੀਆਂ ਉਤੇ ਕੀਤਾ ਗਿਆ ਹੈ, ਤੇ ਸਾਰੀਆਂ ਹੀ ਜਨਮਸਾਖੀਆਂ ਵਿਚੋਂ ਘਟੋ ਘਟ ਉਹ ਸਾਖੀਆਂ ਆਪਣੀ ਬੁਧੀ ਦੇ ਤੀਰਾਂ ਦੀ ਚਾਂਦਮਾਰੀ ਦਾ ਨਿਸ਼ਾਨਾ ਬਣਾ ਲਈਆਂ ਗਈਆਂ ਹਨ ਜਿਨ੍ਹਾਂ ਵਿਚ ਕੋਈ ਚਮਤਕਾਰੀ ਗਲ ਜਾਂ ਕਥਾ ਆਉਂਦੀ ਸੀ।

ਗੁਰੂ ਨਾਨਕ ਜੀ ਨੂੰ ਚਮਤਕਾਰੀ ਤੇ ਸ਼ਕਤੀ-ਹੀਣ ਸਿੱਧ ਕਰਨ ਲਈ ਨਵੇਂ ਨਵੇਂ ਵਿਚਾਰ ਛਲਾਵੇ ਖੜੇ ਕੀਤੇ ਜਾ ਰਹੇ ਹਨ, ਅਤੇ ਪੰਜਾਬੀ ਦੇ ਸਿਖ ਅਖਬਾਰਾਂ ਦੇ ਵਿਦਵਾਨ ਸੰਪਾਦਕਾਂ ਨੇ ਉਹਨਾਂ ਨੂੰ ਆਪਣੇ ਪਹਿਲੇ ਸਫਿਆਂ ਉਤੇ ਥਾਵਾਂ ਦੇ ਕੇ ਛਾਪਣਾ ਸ਼ੁਰੂ ਕਰ ਦਿਤਾ ਹੈ ਤਾਂ ਜੋ ਇਹਨਾਂ ਅਖੌਤੀ ਬੁਧੀ ਵਾਦੀਆਂ ਦੀ ਸੋਚ ਦੇ ਪ੍ਰਭਾਵ ਆਮ ਸਿਖ ਜਨਤਾ ਉਤੇ ਵੀ ਪੱਕੇ ਤੌਰ ਤੇ ਬੈਠ ਜਾਣ, ਅਤੇ ਸਾਰੀ ਸਿਖ ਜਨਤਾ 'ਅਗਾਂਹ ਵਧੂ' ਹੋ ਕੇ ਗੁਰੂ ਨਾਨਕ ਜੀ ਨੂੰ ਸਮਾਜ ਸੇਵਕ ਤੇ ਜਾਂ ਇਕ ਭਾਰਤੀ ਸੰਤ ਕਵੀ ਪ੍ਰਣਾਲੀ ਦਾ ਗਾਂਧੀ ਜੀ ਜਿਹਾ ਵਿਅਕਤੀ ਦਿਲੋਂ ਮਨੋਂ ਸਵੀਕਾਰ ਲਵੇ ਤੇ ਉਨ੍ਹਾਂ ਦਾ ਗੁਰੂ ਪੁਣਾ ਖਤਮ ਹੋ ਜਾਵੇ।

ਇਹ ਕਾਰਜ ਸਿਖੀ ਦੇ ਵਿਰੋਧੀ ਕਰਦੇ ਤਾਂ ਕੋਈ ਹੈਰਾਨੀ ਨਾ ਹੁੰਦੀ ਸਿਖੀ ਦੇ ਸੇਵਕ ਕਰ ਰਹੇ ਦੇਖ ਕੇ ਹੈਰਾਨ ਵੀ ਹੋਈਦਾ ਹੈ ਤੇ ਪਰੇਸ਼ਾਨ ਵੀ। ਕਿ ਕੀ ਗੁਰੂ ਨਾਨਕ ਜੀ ਦਾ ਇਸ ਪੰਜ ਸੌ ਸ਼ਤਾਬਦੀ ਸਮੇਂ ਜੋ ਰੂਪ ਇਹਨਾਂ ਅਖਾਉਤੀ ਬੁਧੀਵਾਨਾਂ ਨੇ ਉਘਾੜਿਆ ਹੈ ਉਸ ਨੂੰ ਹੀ ਕੇਵਲ ਸਵੀਕਾਰ ਕਰ ਲੈਣ ਦਾ ਹੀ ਇਕੋ ਰਾਹ ਰਹਿ ਗਿਆ ਹੈ? ਜਾਂ, ਗੁਰੂ ਜੀ ਦੇ ਜੀਵਨ ਦੇ ਚਮਤਕਾਰੀ ਕਾਰਨਾਮੇ ਵੀ ਕੋਈ ਅਰਥ ਰਖਦੇ ਹੈਸਨ? ਇਸ ਪਾਸੇ ਹੁਣ ਧਿਆਨ ਦੇਣ ਦੀ ਲੋੜ ਨਹੀਂ ਸਮਝੀ ਗਈ।

ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਜਿੱਥੇ ਜਿਥੇ ਗੁਰੂ ਨਾਨਕ ਜੀ ਨੇ 'ਜ਼ਾਹਰਾ ਕਲਾ ਦਿਖਾਈ' ਦੇ ਸ਼ਬਦ ਜਾਂ ਇਸ਼ਾਰੇ ਵਰਤੇ ਹਨ ਉਹਨਾਂ ਨੂੰ ਅੱਜ ਦੇ 'ਮਹਾਨ ਲੇਖਕ' ਭਾਈ ਸਾਹਿਬ ਗੁਰਦਾਸ ਜੀ ਦੀਆਂ ਆਪਣੇ ਹੀਰੋ ਬਾਰੇ ਕਲਪਈਆਂ ਉਪਮਾਵਾਂ ਆਖਣ ਲਗ ਪਏ ਹਨ ਉਹ ਗੱਲਾਂ ਅਖੇ ਇਵੇਂ ਹੀ ਹਨ ਜਿਵੇਂ ਵਾਰ ਦੇ ਲੇਖਕਾਂ ਦਾ ਹੀਰੋ ਨੂੰ ਵਡਿਆਉਣਾ ਸੁਭਾਉ ਹੁੰਦਾ ਹੈ ਭਾਈ ਗੁਰਦਾਸ ਜੀ ਨੇ ਗੁਰੂ ਜੀ ਨੂੰ ਜੋ ਕਲਾ ਧਾਰੀ ਕਿਹਾ ਹੈ ਇਹ ਉਹੋ ਜਿਹਾ ਹੀ ਕਵੀ ਵਾਲਾ ਕਰਮ ਕੀਤਾ ਹੈ, ਉਂਵ ਇਹ ਲੇਖਕ ਆਖਦੇ ਹਨ, ਗੁਰੂ ਜੀ ਦੀ ਕਰਾਮਾਤ ਕਲਾ ਜਾਂ ਸ਼ਕਤੀ ਭਾਈ ਗੁਰਦਾਸ ਜੀ ਵੀ ਨਹੀਂ ਮੰਨਦੇ ਸੀ? ਬਲਿਹਾਰ ਜਾਈਏ ਇਸ ਕਲਪਨਾ ਸ਼ਕਤੀ ਦੇ।

ਕੁਝ ਲੇਖਕਾਂ ਖਾਸ ਕਰਕੇ ਅੰਗਰੇਜ਼ੀ ਦੇ ਮਹਾਨ ਰਥੀਆਂ ਨੇ ਤਾਂ ਭਾਈ ਗੁਰਦਾਸ ਜੀ ਦੀ ਸ਼ਹਾਦਤ ਉਂਵ ਹੀ ਰੱਦੀ ਦੀ ਟੋਕਰੀ ਵਿਚ ਸੁਟ ਦਿਤੀ ਹੈ। ਇਹਨਾਂ ਮਹਾਨ 'ਨਿਆਇਘੀਸ' ਸਹਿਤਕਾਰਾਂ ਨੇ ਜੋ ਅੰਤਮ ਫੈਸਲੇ ਦੇ ਦਿਤੇ ਹਨ, ਉਹਨਾਂ ਦੀ ਜਿਵੇਂ ਕਿਸੇ ਵੀ ਥਾਂ ਅਪੀਲ ਦੀ ਸੁਣਵਾਈ ਵੀ ਨਹੀਂ ਹੋ ਸਕਦੀ। ਇਹਨਾਂ ਅੰਗਰੇਜ਼ੀ ਤੋਂ ਆਏ ਲੇਖਕਾਂ ਦਾ ਇਕ ਫੈਸ਼ਨ ਬਣ ਗਿਆ ਹੈ ਕਿ ਆਪਣੀ ਬੁਧੀਮਤਾ ਦੀ ਪ੍ਰਚੰਡਤਾ ਦਿਖਾਉਣ ਤੇ ਵਿਦੇਸ਼ੀ ਲੋਕਾਂ ਵਿਚ ਨਿਜੀ ਨਿਰਪੱਖਤਾ ਦੀ ਧੌਂਸ ਤੇ ਆਪਣੇ ਆਪ ਨੂੰ ਵਿਗਿਆਨਕ ਦੇ ਮਾਲਕ ਤੇ ਦਲੀਲ ਬਾਜ਼ ਕਹਾਉਣ ਲਈ ਜੇ ਗੁਰੂ ਨਾਨਕ ਜੀ ਦੀ ਪਾਣਪਤ ਵੀ ਲਾਹੀ ਜਾ ਸਕਦੀ ਹੈ ਤਾਂ ਉਸ ਤੋਂ ਵੀ ਇਹ ਲੋਕ ਸੰਕੋਚ ਨਹੀਂ ਕਰਨ ਵਾਲੇ। ਜਿਵੇਂ ਬਹੁਤ ਸਾਰੇ ਲੇਖਕਾਂ ਨੂੰ 'ਨਾਉਂ ਤੇ ਨਾਮਾ' ਕਮਾਉਣ ਲਈ ਕੋਈ ਕਿਤਾਬ ਲਿਖਣੀ ਜ਼ਰੂਰੀ ਹੀ ਹੋ ਗਈ ਹੋਈ ਸੀ। ਕਈਆਂ ਨੇ ਆਪਣੀ ਲਿਖਣੀ ਨੂੰ ਟਰੇਨਿੰਗ



www.AKJ.Org

ਦੇਣ ਲਈ ਹੀ ਗੁਰੂ ਨਾਨਕ ਜੀ ਦੇ ਜੀਵਨ ਦੇ ਕਿਸੇ ਪਹਿਲੂ ਨੂੰ ਉਘਾੜਨ ਦੂਜੇ ਸ਼ਬਦਾਂ ਵਿਚ ਦੂਸ਼ਤ ਕਰਨ ਲਈ ਹਥ ਸਾਫ ਕੀਤੇ ਹਨ ।

ਕੁਝ ਮਹਾਨ 'ਵਿਚਾਰਵਾਨ' ਲੇਖਕਾਂ ਨੇ ਜਿਹੋ ਜਿਹੀਆਂ ਗੁਰੂ ਕੀਆਂ ਕਥਾਵਾਂ ਹੈਨ ਉਹੋ ਜਿਹੀਆਂ ਬੁਧ ਤੇ ਈਸਾ ਜੀ ਦੀਆਂ ਲਭ ਕੇ ਸਿਧ ਕਰਨ ਦੇ ਯਤਨ ਕੀਤੇ ਹਨ, ਕਿ ਹਰ ਮਹਾਨ ਪੁਰਖ ਦੇ ਸੇਵਕ ਇਹਨਾਂ ਕਿਸਮਾਂ ਦੀਆਂ ਪਿਛੋਂ ਕਹਾਣੀਆਂ ਘੜ ਹੀ ਲੈਂਦੇ ਹਨ ? ਪਰ ਅੱਜ ਤੱਕ ਈਸਾ ਜੀ ਤੇ ਬੁਧ ਦੇ ਅਨਿਆਈਆਂ ਵਿਚ ਆਪਣੀਆਂ ਗੌਰਵਤਾ ਭਰੀਆਂ ਕਥਾਵਾਂ ਤੇ ਬੁਧ ਜਾਤਕਾਂ ਨੂੰ ਰਦ ਕਰਨ ਵਾਲਾ ਕੋਈ ਰਹੇ ਨਾ ਆਖਾਉਤੀ ਸਿਖ ਚਿੰਤਕਾ ਜਿਹਾ, ਜੜਾਂ ਵੱਢੂ ਦਲ ਨਹੀਂ ਉਠਿਆ ਸਗੋਂ ਬੁਧ ਜੀ ਦੇ ਪਿਛਲੇ ਜਨਮ ਦੀਆਂ ਜਾਤਕਾਂ ਕਥਾਵਾਂ ਵੀ ਮਾਣ ਨਾਲ ਪੜੀਆਂ ਪੜਾਈਆਂ ਜਾਂਦੀਆਂ ਹਨ ।

ਗੁਰੂ ਨਾਨਕ ਸਾਹਿਬ ਜੀ ਬਾਰੇ ਸਿੱਖ ਨਿਸਚੇ ਨੂੰ ਜੇ ਇਕ ਪਾਸੇ ਰੱਖ ਦਿਤਾ ਜਾਵੇ, ਜਿਸ ਨੂੰ ਤਾਰ ਤਾਰ ਕਰਨ ਤੇ ਖਤਮ ਕਰਨ ਲਈ ਇਹ ਸਾਰੀ 'ਸਾਹਿਤ ਰਚਨਾ' ਹੋ ਰਹੀ ਹੈ—ਕਰਾਮਾਤ ਜਾਂ ਚਮਤਕਾਰ ਦਾ ਵਿਗਿਆਨਕ ਦੁਨੀਆਂ ਵਿਚ ਕੀ ਥਾਂ ਹੈ ? ਅਤੇ ਗੁਰੂ ਸਾਹਿਬਾਨ ਜੀ ਨੇ ਸਮੇਂ ਸਿਰ ਬਾਵਜੂਦ ਇਸ ਸਿਧਾਂਤ ਤੇ ਪੱਖੀ ਹੁੰਦਿਆਂ ਕਿ ਕਰਾਮਾਤ ਦਿਖਾਉਣੀ ਕਹਿਰ ਹੈ—ਸੁਤੇ ਸਿਧ ਜੋ ਜੋ ਚਮਤਕਾਰੀ ਘਟਨਾਵਾਂ ਵਰਤਾਈਆਂ ਸੀ ਉਹਨਾਂ ਦੇ ਸਬੂਤ ਸਿਖ-ਸਾਹਿਤ ਤੋਂ ਬਿਨਾਂ ਗੁਰਬਾਣੀ ਤੇ ਇਤਿਹਾਸ ਵਿਚ ਵੀ ਅਕੱਟ ਹਨ । ਪ੍ਰਾਚੀਨ ਸਮੇਂ ਤੋਂ ਯੋਗੀ ਲੋਕ ਜਿਸ ਤਰ੍ਹਾਂ ਦੇ ਚਮਤਕਾਰੀ ਕ੍ਰਿਸ਼ਮੇ ਦਿਖਾਉਂਦੇ ਰਹੇ ਹਨ ਉਹਨਾਂ ਦੇ ਅਕੱਟ ਪ੍ਰਮਾਣ ਦੁਨੀਆਂ ਦੇ ਸਾਹਿਤ ਵਿਚ ਅਖੀਂ ਡਿਠੀਆਂ ਗਵਾਹੀਆਂ ਦੇ ਰੂਪ ਵਿਚ ਸੰਭਾਲੇ ਹੋਏ ਹਨ । ਗੁਰੂ ਨਾਨਕ ਜੀ ਕੋਲ ਜੇ ਕੋਈ ਸ਼ਕਤੀ ਹੀ ਨਹੀਂ ਸੀ ਤਾਂ ਸਿਖ ਉਹਨਾਂ ਨੂੰ ਗੁਰੂ ਕਿਉਂ ਮੰਨਣ ? ਨਿਤ ਅਰਦਾਸਾਂ ਕਰ ਕਰ ਕੇ ਤੇ ਮਥੇ ਰਗੜ ਰਗੜ ਕੇ ਬਖਸ਼ਸ਼ਾਂ ਤੇ ਬਲ ਪ੍ਰਾਪਤੀ ਲਈ ਕਿਉਂ ਲਿਲਕੜੀਆਂ ਕੱਢਣ ? ਇਹ ਸਾਰਾ ਸ਼ੀਰਾਜ਼ਾ ਇਸ ਨਵੇਂ ਸਿਧਾਂਤ ਦੇ ਰਚਨਹਾਰਿਆਂ ਦੇ ਬਖੇਰਨ ਦੀ ਸਾਜ਼ਸ਼ ਹੈ ਜਾਂ ਅਣਭੋਲਤਾ ਵਿਚ ਕੀਤਾ ਹੋਇਆ ਅਚੇਤ ਪਾਪ ਹੈ । ਅਸੀਂ ਗੁਰੂ ਨਾਨਕ ਜੀ ਦੀ 'ਸਰਬ ਕਲਾ' ਸ਼ਕਤੀ ਦੇ ਵਿਸ਼ਵਾਸੀ ਹਾਂ ਤੇ ਇਸ ਲਈ ਹਾਂ ਸਾਡੇ ਕੋਲ ਕਲਾਧਾਰੀ ਮਹਾਂਪੁਰਖਾਂ ਦੇ ਬਚਨਾਂ ਤੇ ਸ਼ਕਤੀ ਤੇ ਚਮਤਕਾਰਾਂ ਦੇ ਪ੍ਰਗਟ ਪ੍ਰਮਾਣ ਸਬੂਤ ਹੀ ਨਹੀਂ ਸਗੋਂ ਇਤਿਹਾਸਕ ਘਟਨਾਵਾਂ ਅਤੇ ਅਕੱਟ ਵਾਕਿਆਤ ਹਨ, ਜੋ ਕਲ ਤਕ ਵਰਤਦੇ ਰਹੇ ਹਨ । ਇਹ ਮਸਲਾ ਬੜਾ ਗੰਭੀਰ ਅਤੇ ਨਾਜ਼ਕ ਹੈ, ਇਸ ਲਈ ਇਸ ਉਪਰ ਜਿਤਨੀ ਮੇਹਨਤ ਅਤੇ ਖੋਜ ਦਰਕਾਰ ਸੀ ਉਹ ਹਾਲਾਂ ਮੁਕੰਮਲ ਨਹੀਂ ਕਰ ਪਾਏ ਸਾਂ, ਪਰ ਕਿਉਂਕਿ ਕੁਝ ਲੇਖਕਾਂ ਨੇ ਏਸੇ ਗੱਲ ਉਤੇ ਹੀ ਲੱਕ ਬੰਨ੍ਹ ਲਿਆ ਹੈ ਕਿ ਗੁਰੂ ਨਾਨਕ ਜੀ ਨੂੰ ਸ਼ਕਤੀ ਹੀਣ ਤੇ ਸਧਾਰਨ ਵਿਅਕਤੀ ਸਿੱਧ ਕੀਤਾ ਜਾ ਸਕੇ, ਇਸ ਲਈ ਅਗਲੇ ਅੰਕ ਵਿਚ ਅਸੀਂ ਇਸ ਮਸਲੇ ਵਿਸਥਾਰ ਸਹਿਤ ਲੇਖ ਲੜੀ ਆਰੰਭ ਕਰਨੀ ਹੀ ਉੱਚਿਤ ਸਮਝੀ ਹੈ । ਜਿਸ ਵਿਚ ਵਰਤੀਆਂ ਕਰਾਮਾਤਾਂ ਅਤੇ ਚਮਤਕਾਰੀ ਕ੍ਰਿਸ਼ਮਿਆਂ ਦੇ ਪ੍ਰਮਾਣ ਅਤੇ ਗੁਰੂ ਸਾਹਿਬਾਨ ਬਾਰੇ ਇਸ ਤਰ੍ਹਾਂ ਦੇ ਰਚੇ ਜਾ ਰਹੇ ਸਾਹਿਤ ਨੂੰ ਸਾਹਮਣੇ ਰਖ ਕੇ ਪੂਰੀ ਤਰ੍ਹਾਂ ਵਿਚਾਰਿਆ ਜਾਵੇਗਾ ਅਤੇ ਇਹਨਾਂ ਅਖਾਉਤੀ ਬੁਧੀ ਵਾਦੀਆਂ ਤੇ ਸਿਖੀ ਦੇ 'ਸੁਧਾਰਕਾਂ' ਦੀ ਖਟਾਖਟੀ ਉਤੇ ਆਸ਼ਾ ਹੈ ਇਹ ਪ੍ਰਮਾਣ ਘਣ ਦੀ ਨਰੋਈ ਸੱਟ ਸਾਬਤ ਹੋਣਗੇ ।


## ਸਾਡੀ ਸੇਵਾ ਤੋਂ ਲਾਭ ਉਠਾਉ !

ਧਾਰਮਕ ਪੁਸਤਕਾਂ, ਇਸ਼ਤਿਹਾਰ, ਕੈਸ਼ਮੀਮੋ, ਲੈਟਰ ਪੈਡ, ਫ਼ਾਰਮ ਆਦਿ ਦੀ ਸੁੰਦਰ ਅਤੇ ਬਾਜ਼ਾਰ ਨਾਲੋਂ ਸਸਤੀ ਛਪਾਈ ਕਰਾਉਣ ਲਈ

## ਸੂਰਾ ਪ੍ਰਿੰਟਿੰਗ ਪ੍ਰੈਸ

ਧੋਬੀ ਘਾਟ, ਪਟਿਆਲਾ ਵਿਚ ਦਰਸ਼ਨ ਦਿਓ ।




www.AKJ.Org

# ਸ਼ਬਦਾਅਵਤਾਰ ਗੁਰੂ ਗ੍ਰੰਥ ਸਾਹਿਬ ਜੀ

## ( ਆਦਿ ਅੰਤ ਏਕੈ ਅਵਤਾਰਾ )

( ਵਲੋਂ :—ਪ੍ਰਿੰਸੀਪਲ ਮਿਹਰ ਸਿੰਘ ਜੀ, ਡੇਹਰਾਦੂਨ )

ਇਹ ਗਲ ਸਰਬ ਕਾਲ ਵਿਖੇ ਸਤ ਪਰਮਾਨਿਤ ਹੈ ਕਿ 'ਸ਼ਬਦ' ਅਮਰ ਹੈ ਅਤੇ ਸਦੈਵ ਲਈ ਸਥਾਈ ਹੈ। ਇਸ ਨਾਲ ਰਿਸ਼ਤਾ ਵੀ ਅਮਰ ਜੋਤਿ ਦੀ ਸਮੀਪਤਾ ਦਾ ਕਾਰਨ ਹੈ ਤੇ ਉਹ ਸਾਰੇ ਸ਼ਰਧਾਲੂ ਜੇਹੜੇ ਕਿ ਸ਼ਬਦ ਦੇ ਸਿਮਰਨ ਕਰਨ ਵਾਲੇ ਹਨ ਉਹ ਹੀ ਆਪਸ ਵਿਚ ਪਕੇ.ਸਚੇ ਤੇ ਸੁਚੇ ਸੰਬੰਧੀ ਕਹੇ ਜਾ ਸਕਦੇ ਹਨ। ਨਾਦੀ ਰਿਸ਼ਤਾ ਹੀ ਵਾਸਤਕਵਿਕ ਰਿਸ਼ਤਾ ਹੈ ਜੇਹੜਾ ਕਿ ਟੁਟ ਨਹੀਂ ਸਕਦਾ। ਦੁਨੀਆਂ ਦੇ ਹੋਰ ਦੂਜੇ ਖੂਨੀ ਰਿਸ਼ਤੇ ਇਸ ਦੇ ਮੁਕਾਬਲੇ ਤੇ ਕਚੇ ਹਨ ਤੇ ਸਿਥਰ ਰਹਿਣ ਵਾਲੇ ਨਹੀਂ ਹਨ।

ਦੁਨੀਆਂ ਵਿਚ ਜੋ ਵਿਅਕਤੀਆਂ ਅਵਤਾਰ ਧਾਰਕੇ ਉਸ '੧ਓ' ਦਾ ਸੰਦੇਸ਼ ਦੁਨਿਆਵੀ ਲੋਕਾਂ ਨੂੰ ਦੇ ਕੇ ਠੰਡ ਵਰਤਾਉਂਦੀਆਂ ਹਨ ਉਹ ਦੁਨੀਆਂ-ਦਾਰਾਂ ਨੂੰ ਦੁਨੀਆਂ ਪਾਸਿਉਂ ਪੁਟ ਕੇ ਵਾਹਿਗੁਰੂ ਨਾਲ ਜੋੜਦੀਆਂ ਹਨ। ਤੇ ਗੁਰੂ ਸ਼ਬਦ ਹੀ ਐਸਾ ਇਕ ਲਿੰਕ ਹੈ ਜਿਸ ਨਾਲ ਉਹ ਅਕਾਲ ਪੁਰਖ ਪੂਰਨ ਜੋਤਿ ਨਾਲ ਮਿਲਾਉਂਦੀਆਂ ਹਨ ਤੇ 'ਵਿਛੁੜਿਆ ਮੇਲੈ ਪ੍ਰਭੂ, ਹਰਿ ਦਰਗਹ ਕਾ ਬੈਸੀਠੁ' ਹੋ ਕੇ ਦੁਨੀਆਂ ਵਿਚ ਵਿਚਰਦੀਆਂ ਹਨ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਪਨਾ ਗੁਰੂ ਅਕਾਲ ਪੁਰਖ ਦਰਸਾਇਆ ਤੇ ਉਸਦੀ ਉਸਤਤ ਨਾਲ ਹੀ ਆਪਣੇ ਜੀਵਨ ਵਿਚ ਭੁਲੀਆਂ ਭਟਕਦੀਆਂ ਰੂਹਾਂ ਨੂੰ ਤਾਰਿਆ। ਉਹਨਾਂ ਦੀ ਸਿਖਿਆ ਰੂਪੀ ਸੰਪਤੀ ਜੋ ਪੋਥੀਆਂ ਵਿਚ ਦਰਜ ਸੀ ਇਕ ਨਿਰੰਜਨੀ ਜੋਤਿ ਤੋਂ ਦੂਜੀ ਕੋਲ ਪਹੁੰਚਦੀ ਪਹੁੰਚਦੀ ਪੰਜਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤਕ ਗੁਰੂ ਵਿਰਾਸਤ ਦੇ ਰੂਪ ਵਿਚ ਆਈ ਉਸ ਸਮੇਂ ਸ਼ਰਧਾਲੂਆਂ ਦੇ ਮਨਾਂ ਵਿਚ ਗੁਰੂ ਵਿਅਕਤੀ ਤੇ ਗੁਰ-ਉਚਾਰੀ ਬਾਣੀ ਦੋਵੇਂ ਹੀ ਸਮਾਨ ਜਾਂਦੇ ਸਨ ਤੇ ਭਿੰਨ ਭੇਦ ਨਹੀਂ ਸੀ ਤੇ ਨਾਂ ਹੀ ਹੋ ਸਕਦਾ ਸੀ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਮੂਹ ਗੁਰੂ-ਸਿਖਿਆ ਦੀ Collection ਕਰਕੇ ਤੇ ਨਾਲ ਹੀ ਆਪਣਾ ਵੀ ਤੇ ਭਗਤਾਂ ਦਾ ਵੀ ਹਿਸਾ ਪਾ ਕੇ ਤੇ 1604 ਵਿਚ ਸ੍ਰੀ ਗੁਰੂ ਗੰਥ ਸਾਹਿਬ ਦਾ ਪਹਿਲੀ ਵਾਰ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਕੀਤਾ ਸਮੂਹ ਬਾਣੀ ਨੂੰ 'ਧੁਰ ਕੀ ਬਾਣੀ' ਦੇ ਰੂਪ ਵਿਚ ਸਨਮਾਨ ਦਿਤਾ ਤੇ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿਣ ਦਾ ਆਦੇਸ਼ ਦਿਤਾ ਇਹ ਗੁਰਬਾਣੀ ਨੂੰ ਗੁਰੂ ਮੰਨਣ ਦਾ ਪਹਿਲਾ Step ਸੀ।

ਇਸ ਤੋਂ ਪਹਿਲੋਂ ਵੀ ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਦੋਂ ਦੂਜੀ ਪਾਤਸ਼ਾਹੀ ਨੂੰ ਗੁਰ ਗੱਦੀ ਦਿਤੀ ਉਸ ਵੇਲੇ ਨਾਲ ਹੀ ਨਾਲ ਸਮੂਹ ਬਾਣੀ ਵੀ ਦੇ ਕੇ ਆਪ ਪੂਰੇ ਸਨਮਾਨ ਨਾਲ ਦੂਜੀ ਪਾਤਸ਼ਾਹੀ ਨੂੰ ਮਥਾ ਟੇਕਿਆ ਇਸੇ ਤ੍ਰਹਾਂ ਪੰਜਵੀਂ ਪਾਤਸ਼ਾਹੀ ਤਕ ਇਹ ਪ੍ਰਥਾ ਜਾਰੀ ਰਹੀ। ਸਾਫ ਜ਼ਾਹਿਰ ਹੈ ਕਿ ਗੁਰਬਾਣੀ ਦੀ ਇਜ਼ਤ ਸਮੂਹ ਗੁਰ-ਵਿਅਕਤੀਆਂ ਨੇ ਆਪ ਵੀ ਕੀਤੀ ਤੇ ਸਾਰੀਆਂ


www.AKJ.Org

ਸੰਗਤਾਂ ਨੂੰ ਵੀ ਕਰਨ ਲਈ ਕਹਿਆ। ਸਾਹਿਬ ਗੁਰੂ ਅਰਜਨ ਦੇਵ ਜੀ ਆਪ ਜਦੋਂ ਮੋਹਨ ਜੀ ਕੋਲੋਂ ਸੰਚੀਆਂ ਲੈਣ ਲਈ ਗਏ ਤਾਂ ਪੂਰੇ ਸਨਮਾਨ ਨਾਲ ਲੈ ਕੇ ਆਏ। ਇਸੇ ਤਰ੍ਹਾਂ ਦਸਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਗੁਰੂ ਜੀ, ਗੁਰਬਾਣੀ ਦਾ ਆਦਰ ਇਜ਼ਤ ਤੇ ਅਦਬ ਆਪ ਵੀ ਕਰਦੇ ਰਹੇ, ਨਾਲ ਹੀ ਨਾਲ ਸਾਰੀਆਂ ਸੰਗਤਾਂ ਨੂੰ ਵੀ ਪ੍ਰੇਰਦੇ ਰਹੇ।

ਗੁਰਬਾਣੀ ਕੀ ਹੈ? ਗੁਰੂ ਦੇ ਬਚਨਾਂ ਨੂੰ ਗੁਰਬਾਣੀ ਕਹਿੰਦੇ ਹਨ. ਗੁਰੂ ਤੇ ਵਾਹਿਗੁਰੂ ਵਿਚ ਕੋਈ ਭਿੰਨ ਭੇਦ ਨਹੀਂ ਹੁੰਦਾ। ਗੁਰੂ ਜੋਤ ਤੇ ਪ੍ਰਭੂ ਜੋਤਿ ਵਿਚ ਅਭੇਦਤਾ ਹੁੰਦੀ ਹੈ। ਯਾ ਇਸ ਤਰ੍ਹਾਂ ਕਹੋ ਕਿ ਗੁਰੂ ਜੋਤਿ ਤੇ ਪ੍ਰਭੂ ਜੋਤਿ ਦੋਹਾਂ ਵਿਚ ਇਕ-ਸੁਰਤਾ ਹੁੰਦੀ ਹੈ। ਗੁਰਬਾਣੀ ਦਾ ਅਸਲੀ ਮੰਮਬਾ ਵਾਹਿਗੁਰੂ ਹੈ ਸੋ ਗੁਰਬਾਣੀ ਦਾ ਸਵਾਮੀ ਵਾਹਿਗੁਰੂ ਹੈ ਭਾਵੇਂ ਗੁਰਬਾਣੀ ਗੁਰੂ ਦੇ ਸਰੂਪ ਦਾ ਪ੍ਰਕਾਸ਼ ਹੈ ਫੇਰ ਵੀ ਗੁਰਬਾਣੀ ਨੂੰ ਪ੍ਰਭੂ ਜੋਤਿ ਯਾ ਅਕਾਲ ਜੋਤਿ ਦਾ ਪ੍ਰਤੀਕ ਹੀ ਮੰਨਣਾ ਪਵੇਗਾ। ਗੁਰੂ ਸਾਹਿਬਾਨ ਸਰਗੁਣ ਰੂਪ ਹੁੰਦੇ ਹੋਏ ਵੀ ਉਸ ਨਿਰਗੁਣ ਰੂਪ ਵਿਚ ਵਿਚਰਦੇ ਹਨ। ਸੋ '੧ਓ' ਇਹ ਸਪਸ਼ਟ ਹੋ ਗਿਆ ਕਿ ਗੁਰਬਾਣੀ 'ਧੁਰ ਕੀ ਬਾਣੀ' ਹੈ।

ਗੁਰਬਾਣੀ ਆਤਮਕ ਖਜ਼ਾਨਾ ਹੈ। ਜੋਤੀ ਸਰੂਪ ਦੀ ਜੋਤਿ ਦਾ ਵਿਕਾਸ਼ ਕਰਨਹਾਰੀ ਹੈ ਇਸ ਵਿਚ ਆਤਮਕ-ਸ਼ਕਤੀ ਹੈ ਜੇਹੜੀ ਕਿ 'ਜਾਗਤ ਜੋਤਿ' ਨਾਲ ਮਿਲਾਪ ਕਰਾਉਂਦੀ ਹੈ ਇਹ ਆਤਮਕ ਸ਼ਕਤੀ ਪੂਜਨ ਯੋਗ ਹੈ ਗੁਰੂ ਸਾਹਿਬਾਨ ਨੇ ਇਸ ਆਤਮਕ ਸ਼ਕਤੀ ਦੀ ਪੂਜਾ ਲਈ, ਜੇਹੜੀ ਕਿ ਇਸ ਗੁਰਬਾਣੀ ਵਿਚ ਹੈ ਸਾਨੂੰ ਪ੍ਰੇਰਨਾ ਕੀਤੀ। ਇਹ ਆਤਮਕ ਸ਼ਕਤੀ ਹੀ ਸਾਡਾ ਗੁਰੂ ਹੈ। ਇਸੇ ਲਈ ਹੀ ਗੁਰੂ ਦਸਮੇਸ਼ ਪਿਤਾ ਨੇ ਖਾਲਸਾ ਸਾਜ ਕੇ ਉਸ ਨੂੰ ਇਸ ਗੁਰਬਾਣੀ ਦੀ ਤਾਬਿਆ ਰਹਿਣ ਦਾ ਹੁਕਮ ਦਿਤਾ ਅਤੇ ਇਹ ਸਭ ਤੋਂ ਵਡਾ ਦਾਰਸ਼ਨਕ ਨੁਕਤਾ ਸੀ।

ਬਾਣੀ ਗੁਰੂ, ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਵੀ ਕਿਹਾ—

ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਉ ਮੈ ਸਾਰਾ।

ਨਿਆਰਾ ਰਹਿਣ ਤੋਂ ਭਾਵ ਇਹ ਸੀ ਕਿ ਖਾਲਸਾ ਆਪਣੀ ਰਹਿਣੀ ਬਹਿਣੀ ਤੇ ਕਹਿਣੀ ਵਿਚ ਸੁਚਾ ਤੇ ਅਭੈ ਹੋਵੇ, ਪਾਖੰਡ ਤੋਂ ਦੂਰ ਰਹੇ। ਨਾਲ ਹੀ ਨਾਲ ਨਿਆਰਾ ਤੋਂ ਭਾਵ ਇਹ ਵੀ ਹਨ ਕਿ ਖਾਲਸਾ ਆਤਮਕ-ਸ਼ਕਤੀਆਂ ਵਿਚ ਰਹਿ ਕੇ ਆਪਣੀ ਜੀਵਨ ਯਾਤਰਾ ਪੂਰੀ ਕਰੇ ਤੇ ਆਤਮਕ ਰੰਗਨ ਵਿਚ ਰਹਿਣ ਲਈ ਗੁਰਬਾਣੀ ਨੂੰ ਗੁਰੂ ਮੰਨ ਕੇ ਤੇ ਇਸ ਦਾ ਪੂਰਾ ਸਨਮਾਨ ਕਰਦਿਆਂ ਹੋਇਆਂ ਜੀਵਨ ਬਤੀਤ ਕਰੇ।

ਅਸੀ ਜੋਤਿ (ਪ੍ਰਭੂ-ਜੋਤਿ) ਦੇ ਪੁਜਾਰੀ ਹਾਂ। ਗੁਰੂ ਆਗਿਆ ਅਨੁਸਾਰ "ਜਾਗਤ ਜੋਤਿ ਜਪੈ ਨਿਸਬਾਸੁਰ" ਦੀ ਕਮਾਈ ਕਰਕੇ ਫੇਰ 'ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹੇ ਨਖਾਲਸ ਜਾਨੇ' ਦੀ ਹਾਲਤ ਤਕ ਖਾਲਸੇ ਦੀ ਮੰਜ਼ਲ ਹੈ। ਅਕਾਲ ਉਸਤੱਤ ਵਿਚ ਦਸਮੇਸ਼ ਪਿਤਾ ਨੇ ਇਸ ਸਰਬ ਵਿਆਪਕ ਜੋਤਿ ਬਾਰੇ ਲਿਖਿਆ ਹੈ।

'ਜ਼ਮੀਨ ਜਮਾਨ ਵਿਖੇ ਸਮਸਤ ਏਕ ਜੋਤਿ ਹੈ।
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ।
ਨ ਹਾਨ ਹੈ ਨ ਬਾਨ ਹੈ ਸਮਾਨ ਰੂਪ ਜਾਣੀਐ।
ਮਕੀਨ ਔਰ ਮਕਾਨ ਸਪਰਮਾਨ ਏਕ ਜਾਨੀਐ।

'ਵਾਹਿਗੁਰੂ' ਸ਼ਬਦ ਵਿਚ ਲਿਵ ਲੀਨਤਾ, ਇਕਾਗਰਤਾ ਤੇ ਅਭੇਦਤਾ ਦੇ ਗੁਨ ਹਨ।

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵੀ ਸਿਧਾਂ ਦੇ ਸਵਾਲ ਦਾ ਜੁਵਾਬ ਦੇਂਦਿਆਂ ਹੋਇਆਂ ਕਿਹਾ :—

'ਸ਼ਬਦ ਗੁਰੂ, ਸੁਰਤ ਧੁਨ ਚੇਲਾ।'

ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ


www.AKJ.Org

ਵੀ ਸ਼ਬਦ-ਗੁਰੂ ਨੂੰ ਹੀ ਪ੍ਰਧਾਨਤਾ ਦਿਤੀ। ਜੇਹੜੀ ਪ੍ਰਮਪਰਾ ਪਹਿਲੀ ਪਾਤਸ਼ਾਹੀ ਤੋਂ ਚਲ ਕੇ ਦਸਵੀਂ ਪਾਤਸ਼ਾਹੀ ਤਕ ਠੀਕ ਤੇ ਪੂਰਨ ਰੂਪ ਵਿਚ ਇਕ ਤੋਂ ਦੂਜੀ ਗੁਰੂ ਵਿਅਕਤੀ ਤਕ ਹੁੰਦੀ ਆਈ ਉਸੇ ਮੁਤਾਬਕ ਹੀ ਦਸਵੇਂ ਪਾਤਸ਼ਾਹ ਕਲਗੀਧਰ ਪਿਤਾ ਜੀ ਨੇ ਸਵਾਲ ਦਾ ਜੁਵਾਬ ਦੇਂਦਿਆਂ ਹੋਇਆਂ ਕਿਹਾ ਗਿਆਨ ਗੁਰੂ-ਆਤਮ ਉਪਦੇਸ਼ੋ ਅਰਥਾਤ ਸਾਡਾ ਗੁਰੂ ਪ੍ਰਭੂ-ਗਿਆਨ ਅਰਥਾਤ 'ਸ਼ਬਦ' ਹੈ ਜਿਹੜੀ ਕਿ ਅਮਰ ਵਸਤੂ ਹੈ ਆਦਿ ਤੋਂ ਅੰਤ ਤਕ ਇਕ ਸੁਰਤਾ ਵਿਚ ਕਾਇਮ ਹੈ ਉਹ ਹੀ ਗੁਰੂ ਕਹਿਲਾਉਣ ਯੋਗ ਹੈ ਉਹ ਹੀ ਸਾਡੇ ਸਨਮਾਨ ਦਾ ਕੇਂਦਰ ਹੈ ਉਸ ਦੀ ਅਰਦਲ ਵਿਚ ਅਸੀਂ ਖੜੇ ਹਾਂ :—

ਆਦ ਅੰਤ ਏਕੈ ਅਵਤਾਰਾ,
ਸੋਈ ਗੁਰੂ ਸਮਝੀਉ ਹਮਾਰਾ।
ਨਮਸਕਾਰ ਤਿਸ ਹੀ ਕੋ ਹਮਾਰੀ,
ਸਕਲ ਪਰਜਾ ਜਿਨ ਆਪ ਸਵਾਰੀ।

ਇਹ ਗਲ ਤਾਂ ਮੰਨਣ ਯੋਗ ਹੈ ਕਿ ਸਭ ਗੁਰੂ ਵਿਅਕਤੀਆਂ ਇਕ ਰਾਇ ਸਨ ਇਸ ਗਲ ਤੇ ਕਿ ਸ਼ਬਦ ਗੁਰੂ ਹੈ। ਜਿਸ ਨੂੰ ਪੰਜਵੇਂ ਪਾਤਸ਼ਾਹ ਜੀ ਨੇ ਜ਼ਰਾ ਖੁਲਮ ਖੁਲਾ ਕਹਿ ਕੇ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਆਪ ਮਥਾ ਟੇਕ ਕੇ ਸੰਗਤਾਂ ਨੂੰ ਸਨਮਾਨ ਕਰਨ ਲਈ ਆਦੇਸ਼ ਦਿਤਾ ਫੇਰ ਜਦੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਇਸ ਸਿਖੀ ਦੀ ਇਮਾਰਤ ਨੂੰ ਖੜਾ ਕੀਤਾ, ਇਸ ਗਲ ਨੂੰ ਹੋਰ ਸਪਸ਼ਟ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦਵੀ ਦੇਣ ਦਾ ਨਿਸਚਾ ਕਰਕੇ ਸਨ **1708** ਵਿਚ ਗੁਰੂ ਗੱਦੀ ਸੌਂਪ ਦਿਤੀ ਤੇ ਗੁਰੂ ਪੰਜਵੀਂ ਪਾਤਸ਼ਾਹੀ ਦੀ **1604** ਵਾਲੀ ਗੱਲ ਨੂੰ Seal ਕਰ ਦਿਤਾ ਤੇ ਖਾਲਸੇ ਲਈ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿਣ ਦਾ ਹੁਕਮ ਦਿਤਾ 'ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ' ਲਈ ਪ੍ਰੇਰਨਾ ਕੀਤੀ। ਇਹ ਇਕ ਬੜੀ ਅਲੌਕਿਕ ਚੀਜ਼ ਸੀ, ਸਾਡੀਆਂ ਦੁਨੀਆਂਦਾਰਾਂ ਦੀਆਂ ਇਹ ਮਾਇਕ ਅੱਖਾਂ ਜੇਹੜੀਆਂ ਕਿ ਗੁਰੂ ਵਿਅਕਤੀ ਨੂੰ ਮਨਖੀ ਜਾਮੇਂ ਵਿਚ ਹੀ ਦੇਖਣ ਤੇ ਰੀਝਦੀਆਂ ਸਨ, ਹੁਣ ਇਹ ਆਦੇਸ਼ (ਗੁਰੂ ਮਾਨਿਓ ਗ੍ਰੰਥ) ਤੋਂ ਮਗਰੋਂ ਪੰਚਭੂਤੀ ਦ੍ਰਿਸ਼ਟੀ ਦੀ ਤ੍ਰਿਪਤੀ ਲਈ ਉਤਾਵਲੀਆਂ ਹੀ ਰਹੀਆਂ, ਪਰ ਗੁਰਸਿਖ ਤਾਂ ਆਤਮਕ ਆਨੰਦ ਅੰਦਰਲੀਆਂ ਅੱਖਾਂ ਨਾਲ ਪ੍ਰਾਪਤ ਕਰਦਾ ਹੈ। ਕੁਝਕੁ ਸਿਖਾਂ ਨੇ ਇਸ ਪ੍ਰਕਾਰ ਦੇ ਪ੍ਰਸ਼ਨ ਕੀਤੇ ਜਿਨ੍ਹਾਂ ਦਾ ਉਤਰ ਸਾਹਿਬ ਦਸਮੇਸ਼ ਪਿਤਾ ਨੇ ਦੇਂਦਿਆਂ ਹੋਇਆਂ ਕਿਹਾ ਕਿ ਖਾਲਸਾ ਜੀ, ਮੇਰੇ ਪਿਛੋਂ ਆਪ ਜੀ ਦੇ ਗੁਰੂ 'ਸ਼ਬਦਾ-ਅਵਤਾਰ' ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੋਣਗੇ।

ਇਹ 'ਸ਼ਬਦ' ਹੀ ਆਪ ਜੀ ਦਾ ਆਗੂ ਹੋਵੇਗਾ ਇਸਦੀ ਰਹਿਨੁਮਾਈ ਆਪ ਲਈ ਗੁਣਕਾਰੀ ਹੋਵੇਗੀ। ਜੇਹੜਾ ਮੇਰੇ ਦਰਸ਼ਨ ਕਰਨਾ ਚਾਹੇ ਉਹ ਸ਼ਬਦ-ਦਰਸ਼ਨ ਕਰੇ ਅਰਥਾਤ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਹੀ ਗੁਰੂ ਦਰਸ਼ਨ ਹੋਣਗੇ। ਸਾਹਿਬਾਨ ਨੇ ਇਹ ਵੀ ਕਿਹਾ ਕਿ ਮੇਰੇ ਪਿਛੋਂ ਮੇਰੀ ਆਤਮਾ ਅਰਥਾਤ ਗੁਰੂ ਆਤਮਾ ਗੁਰੂ ਗ੍ਰੰਥ ਸਾਹਿਬ ਵਿਚ ਤੇ ਮੇਰਾ ਸਰੀਰ ਖਾਲਸੇ ਵਿਚ ਹੋਵੇਗਾ। ਆਪ ਦੇ ਸਾਰੇ ਸ਼ੰਕੇ ਦੂਰ ਕਰਨ ਲਈ ਜ਼ਾਹਰਾ ਜ਼ਹੂਰ ਗੁਰੂ ਗ੍ਰੰਥ ਸਾਹਿਬ ਜੀ ਹੋਣਗੇ। ਵਿਸ਼ਵਾਸ਼ ਦੀ ਪੌੜੀ ਤੇ ਚੜ੍ਹ ਕੇ ਜੇਹੜਾ ਸਿਖ ਅਦਬ ਨਾਲ ਗੁਰੂ ਜੀ ਦੀ ਹਾਜ਼ਰੀ ਭਰੇਗਾ ਹੁਕਮਨਾਮਾ ਹੀ ਆਪ ਜੀ ਦੇ ਸਾਰੇ ਸ਼ੰਕੇ ਦੂਰ ਕਰੇਗਾ।

ਕਹਿਣ ਤੋਂ ਭਾਵ ਇਹ ਹੈ ਕਿ ਹਰ ਤਰ੍ਹਾਂ, ਹਰ ਪਹਿਲੂ ਨਾਲ ਹਰ ਇਕ ਗੁਰਸਿਖ ਦਾ ਫਰਜ਼ ਹੈ ਕਿ ਹੁਕਮ ਦੀ ਪਾਲਨਾ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨੇ। 'ਗੁਰੂ' ਪਦ ਦੇ ਅਧਕਾਰੀ ਜੋਤਿ ਸ੍ਵਰੂਪ ਗੁਰੂ ਗ੍ਰੰਥ ਸਾਹਿਬ ਹੀ ਹਨ। ਹੋਰ ਅਗੇ ਸੀਸ ਨਿਵਾਣਾ ਮਨਮਤਿ ਹੈ ਅਤੇ ਇਹ ਹੀ ਅਟਲ ਫ਼ੈਸਲਾ ਦਸਾਂ ਸਮੂਹ ਪਾਤਸ਼ਾਹੀਆਂ ਦੀ ਸਰਗੁਣ ਵਿਅਕਤੀਆਂ ਦਾ ਹੈ।

ਦਸਮੇਸ਼, ਕਲਗੇਸ਼ ਤੇ ਜਗਤੇਸ਼ ਪਿਤਾ ਜੀ ਦਾ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਤੇ ਬਿਰਾਜਮਾਨ ਕਰਨਾ ਸਿਖ ਮੱਤ ਵਿਚ ਸਦਾ ਲਈ 'ਸ਼ਬਦ'-'ਗੁਰੂ' ਨੂੰ ਮਹਾਨਤਾ ਦੇਣਾ ਹੈ ਤੇ ਨਾਲ ਹੀ ਨਾਲ ਪਹਿਲੇ


www.AKJ.org

ਗੁਰੂ ਵਿਅਕਤੀਆਂ ਦੀ ਇਸ ਮਰਯਾਦਾ ਨੂੰ ਹਮੇਸ਼ਾ ਲਈ ਕਾਇਮ ਰਖਨਾ ਹੈ ਕਿ ਸ਼ਬਦ (ਗੁਰਬਾਣੀ) ਤੇ ਗੁਰੂ ਵਿਚ ਕੋਈ ਭੇਦ ਨਹੀਂ।

ਗੁਰੂ ਮਹਾਰਾਜ ਦਸਮੇਸ਼ ਪਿਤਾ ਜੀ ਨੇ ਇਹ ਵੀ ਮਹਿਸੂਸ ਕੀਤਾ ਕਿ ਦੇਹਧਾਰੀ ਗੁਰੂਆਂ ਦੀ ਮਰਯਾਦਾ ਜਿਸ ਤਰ੍ਹਾਂ ਔਕੜਾਂ ਪੈਦਾ ਕਰਦੀ ਆਈ ਹੈ ਉਸ ਝਮੇਲੇ ਤੋਂ ਪੰਥ ਬਚਿਆ ਰਹੇਗਾ ਅਤੇ ਇਸ ਸਿਲਸਲੇ ਨੂੰ ਵੀ ਖਤਮ ਕਰ ਦਿਤਾ। ਇਹ ਵੀ ਇਕ ਵਡੀ ਸਿਆਣਪ ਸੀ ਜੇਹੜੀ ਕਿ ਸਿੰਘਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕਰਨਾ ਸੀ।

ਸਿਧ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਰਨ ਰੂਪ ਵਿਚ ਤਾਬਿਆਦਾਰੀ ਵਿਚ ਰਹਿਨਾ ਗੁਰਸਿਖੀ ਜੀਵਨ ਦਾ ਲਕਸ਼ ਹੈ। ਸਾਡਾ ਹੁਣ ਇਹ ਫ਼ਰਜ਼ ਹੈ ਕਿ ਜਿੰਨੀ ਵਧ ਤੋਂ ਵਧ ਅਸੀਂ ਇਜ਼ਤ ਕਰ ਸਕਦੇ ਹਾਂ ਆਦੁਨਿਕ ਗੁਰੂ (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੀ ਕਰੀਏ।

'ਨਾਨਕ ਸੇ ਅਖੜੀਆ ਬਿਅੰਨਿ
ਜਿਨੀ ਡਿਸੰਦੋ ਮਾਪਿਰੀ।'

ਨੂੰ ਚੇਤੇ ਰਖਦਿਆਂ ਹੋਇਆਂ ਉਨ੍ਹਾਂ ਅਖਾਂ ਨਾਲ ਗੁਰੂ ਦਰਸ਼ਨ ਕਰੀਏ ਜਿਨ੍ਹਾਂ ਨਾਲ 'ਜਿਉ ਹੋਇ ਸਾਹਿਬ ਸਿਉ ਮੇਲ' ਵਾਲੀ ਗਲ ਬਣੇ। ਅਖਾਂ ਅਖਾਂ ਵਿਚ ਫਰਕ ਹੁੰਦਾ ਹੈ। ਇਕ ਤਾਂ ਗੁਰੂ ਸਾਹਿਬਾਨ ਦੇ ਦਰਸ਼ਨ ਕਰਕੇ ਫ਼ੌਰਨ ਸਨਮਾਨ ਨਾਲ ਝੁਕ ਜਾਂਦੀਆਂ ਹਨ ਦੂਜੀਆਂ ਅਖਾਂ ਨਕਲੀ ਇਕ ਨੂੰ ਝੁਕਦਾ ਵੇਖ ਕੇ ਝੁਕਦੀਆਂ ਹਨ ਤੀਜੀਆਂ ਅੱਖਾਂ ਗੁਰੂ ਦਰਸ਼ਨ ਮਗਰੋਂ ਵੀ ਰਸਮੀ ਤੌਰ ਤੇ ਹੀ ਝੁਕਦੀਆਂ ਹਨ। ਕੁਝ ਕੁ ਅੱਖਾਂ ਐਸੀਆਂ ਹੁੰਦੀਆਂ ਹਨ ਕਿ ਜੇਹੜੀਆਂ 'ਵੇਖਤ, ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ' ਦੇ ਮੁਤਾਬਕ ਗੁਰੂ ਦਰਸ਼ਨ ਕਰਨ ਮਗਰੋਂ ਵੀ ਖਾਲੀ ਰਹਿੰਦੀਆਂ ਹਨ।

ਖਾਲਸਾ ਜੀਓ, ਸਾਡਾ ਇਹ ਪਹਿਲਾ ਫਰਜ਼ ਹੈ ਕਿ ਅਸੀਂ ਗੁਰੂ ਸਾਹਿਬਾਨ ਦੀ ਹਜ਼ੂਰੀ ਨੂੰ ਪੂਰਾ ਪੂਰਾ ਸਨਮਾਨ ਦਈਏ। ਜਿਸ ਗੁਰੂ-ਰੂਪ ਬਾਣੀ ਨੂੰ ਦਸਾਂ ਗੁਰਾਂ ਨੇ ਸਮਨਾਨਿਆ ਉਸਦੀ ਹਜ਼ੂਰੀ ਇਕ ਨਿਹਾਇਤ ਹੀ ਪਵਿਤ੍ਰ ਤੇ ਅਦਬ ਵਾਲੀ ਹੈ ਜ਼ਰਾ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਵੇਖੀਏ ਜੇ ਸਾਡੇ ਘਰ ਕੋਈ ਮਿਤਰ ਆ ਜਾਵੇ ਜਾਂ ਕੋਈ ਪਤਵੰਤਾ ਤੇ ਧਨੀ ਸਾਕ ਸੰਬੰਧੀ ਆ ਜਾਵੇ ਤਾਂ ਅਸੀਂ ਸਾਰਾ ਟਬਰ ਭੰਬੀਰੀ ਵਾਙੂੰ ਭੌਣਾ ਸ਼ੁਰੂ ਕਰ ਦੇਂਦੇ ਹਾਂ ਤੇ ਹਰ ਪ੍ਰਕਾਰ ਦੇ ਯਤਨ ਕਰਕੇ ਉਸ ਦੀ ਇਜ਼ਤ ਕਰਦਿਆਂ ਹੋਇਆਂ ਸੋਹਣੇ ਸੋਹਣੇ ਵਸਤ੍ਰ ਵਛਾ ਕੇ ਚੰਗੇ ਭੋਜਨ ਤਿਆਰ ਕਰਕੇ ਮੇਜ਼ ਤੇ ਸਜਾ ਕੇ ਰਖਦੇ ਹਾਂ। ਕਿਸ ਲਈ ਕਿ ਇਹ ਸਾਡੇ ਔਕੜ ਵੇਲੇ ਪੈਸੇ ਨਾਲ ਮਦਦ ਕਰਨਗੇ ਜਾਂ ਸਾਡੀ ਕਿਸੇ ਵੇਲੇ ਕੀਤੀ ਹੋਈ ਅਰਜ਼ੋਈ ਨੂੰ ਪੂਰਾ ਕਰਨਗੇ। ਕਿਨਾਂ ਤੁਛ ਖਿਆਲ ਹੈ ਭਾਵੇਂ ਦੁਨਿਆਵੀ ਨਜ਼ਰਾਂ ਨਾਲ ਠੀਕ ਹੀ ਹੋਵੇ। ਪਰ ਆਉ ਅਸੀਂ ਅਪਨੇ ਇਸ action ਨੂੰ ਗੁਰੂ ਸਾਹਿਬਾਨ ਦੇ ਪ੍ਰਤੀ ਵਿਵਹਾਰ ਨਾਲ ਮੁਕਾਬਲਾ ਕਰੀਏ। ਸਾਡਾ ਮਨ ਹੀ ਕਹੇਗਾ ਕਿ ਅਸੀਂ ਗੁਰੂ ਮਹਾਰਾਜ ਜੀ ਦੀ ਸੇਵਾ ਤੇ ਹਾਜ਼ਰੀ ਉਪਰਲੇ ਦਿਲ ਨਾਲ ਤੇ ਕਦੀ ਕਦੀ ਮਜਬੂਰੀ ਤੌਰ ਤੇ ਕਰਦੇ ਹਾਂ। ਵੀਰੋ, ਰੰਗ ਦੋ ਪ੍ਰਕਾਰ ਦੇ ਹੁੰਦੇ ਹਨ। ਕੱਚਾ ਤੇ ਪੱਕਾ, ਸਾਡਾ ਉਪਰੋਂ ਉਪਰੋਂ ਦਿਖਾਵੇ ਕਾਰਨ ਗੁਰੂ ਮਹਾਰਾਜ ਦੀ ਸੇਵਾ ਕਰਨਾ, ਦਰਸ਼ਨ ਕਰਨਾ, ਸਾਡੇ ਤੇ ਕੱਚਾ ਰੰਗ ਹੋਣ ਦਾ ਸਬੂਤ ਹੈ ਹਰਿ ਇਕ ਗੁਰਸਿਖ ਲਈ, ਦਿਲੋਂ ਵਜੋਂ ਹੋ ਕੇ ਗੁਰੂ ਸਾਹਿਬਾਨ ਦੀ ਸੇਵਾ ਤੇ ਦਰਸ਼ਨ ਲਈ ਆਦੇਸ਼ ਹਨ।

ਅਸੀਂ ਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਬੈਠ ਕੇ ਸੰਗਤਿ ਵਿਚ ਗਲਾਂ ਕਰਦੇ ਹਨ ਇਹ ਸੋਭਾ ਨਹੀਂ ਦੇਂਦਾ। ਇਹ ਤਾਂ ਇਉਂ ਹੈ ਜਿਵੇਂ ਅਸੀਂ ਗੁਰੂ ਸਾਹਿਬਾਨ ਦੇ ਫੁਰਮਾਨ ਦੀ ਪਰਵਾਹ ਨਹੀਂ ਕਰਦੇ ਤੇ ਅਪਨੀ ਗਲ ਬਾਤ ਨੂੰ ਜ਼ਿਆਦਾ ਜ਼ਰੂਰੀ ਸਮਝਦੇ ਹਾਂ, ਇਹ ਬੇਅਦਬੀ ਹੈ ਸਾਡੀ ਮੂਰਖਤਾ ਹੈ ਕਚਾ ਪਨ ਹੈ।

ਮਨ ਕਰ ਕੇ, ਬਚਨ ਕਰਕੇ, ਕਰਮ ਕਰਕੇ ਸਾਨੂੰ ਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਅਦਬ ਨਾਲ ਬੈਠਣਾ ਚਾਹੀਦਾ ਹੈ। ਸਾਡੀਆਂ ਅਖਾਂ ਚਰਮ



www.AKJ.Org

ਦ੍ਰਿਸ਼ਟੀ ਤੋਂ ਬਚ ਕੇ ਰਹਿਣ ਚਮੜਾ ਪਰਖਨ ਵਾਲੀ ਦ੍ਰਿਸ਼ਟੀ ਸੰਗਤਿ ਦੇ ਵਾਤਾਵਰਨ ਨੂੰ ਅਪਵਿਤ੍ਰ ਕਰਦੀ ਹੈ ਜਿਨਾਂ ਚਿਰ ਵੀ ਸਾਹਿਬਾਨ ਦੀ ਹਾਜ਼ਰੀ ਵਿਚ ਗੁਰਸਿਖ ਬੈਠੇ, ਅਪਨੇ ਲਕਸ਼ (aim) ਨੂੰ ਨ ਭੁਲੇ, ਪਪੀਹੇ ਵਾਂਙੂ ਮੂੰਹ ਖੋਲੀ ਰਖੇ, ਕਿਧਰੇ ਸਵਾਤੀ ਬੂੰਦ ਪੈ ਜਾਵੇ ਤਾਂ ਨਿਹਾਲ ਹੋ ਜਾਵੇ।

ਇਹ ਸਮਝਣ ਵਾਲੀ ਗਲ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਲਈ ਅਸੀਂ ਬਸਤ੍ਰ ਤਿਆਰ ਕਰਨ ਵੇਲੇ ਵੀ ਕੁਝ ਸੋਚ ਤੋਂ ਕੰਮ ਲਈਏ। ਬੇਸ਼ਕ ਸ਼ਰਧਾ ਨਾਲ ਸਭ ਕੁਝ ਹੁੰਦਾ ਹੈ ਪਰ ਸ਼ਰਧਾ ਵੀ ਆਤਮਕ ਉਚਾਈ ਤੇ ਨਿਰਭਰ ਹੈ ਸੋ ਕੋਸ਼ਸ਼ ਸਾਨੂੰ ਇਹ ਕਰਨੀ ਚਾਹੀਦੀ ਹੈ ਕਿ ਗੁਰੂ ਮਹਾਰਾਜ ਜੀ ਦੇ ਬਸਤ੍ਰ ਆਦਿ ਹੋਰ ਲੋੜ ਵਾਲੀਆਂ ਚੀਜ਼ਾਂ ਵੀ ਚੰਗੀਆਂ ਤੇ ਦਰਸ਼ਨੀ ਹੀ ਹੋਣ ਤੇ ਖਾਸ ਕਰ ਕੇ ਜਿਨ੍ਹਾਂ ਉਤੇ ਗੁਰੂ ਦੀ ਕ੍ਰਿਪਾ ਹੈ ਮਾਇਆਧਾਰੀ ਹਨ ਉਹਨਾਂ ਨੂੰ ਤੇ ਗੁਰੂ ਸਾਹਿਬਾਨ ਦੀ ਸੇਵਾ ਦਾ ਕੁਦਰਤੀ ਤੋਰ ਤੇ ਹੀ ਮੌਕਾ ਹੈ ਉਹ ਦਿਲ ਖੋਲ ਕੇ ਹੀ ਸੇਵਾ ਕਰਨ, ਸੰਕੋਚ ਤੋਂ ਕੰਮ ਨਾ ਲੈਣ। ਗੁਰੂ ਸੇਵਾ ਹੀ ਗੁਰੂ ਪ੍ਰਸੰਨਤਾ ਦੀ ਪੌੜੀ ਹੈ ਤੇ ਜੇ ਨਾਲ ਭਾਵਨਾ ਸ਼ੁਭ ਹੋਵੇ ਤਾਂ ਫਿਰ ਗੁਰੂ ਜੀ ਦੀਆਂ ਖੁਸ਼ੀਆਂ ਹੀ ਖੁਸ਼ੀਆਂ ਹਨ। ਇਕ ਸਿਖ ਦੀ ਇਹ ਗਲ ਸੁਣ ਕੇ ਮੇਰਾ ਦਿਲ ਬਹੁਤ ਹੀ ਪ੍ਰਸੰਨ ਹੋਇਆ ਉਹ ਮੇਰੇ ਨਾਲ ਬਾਜ਼ਾਰ ਗਿਆ। ਕਪੜੇ ਖਰੀਦਣ ਲਗਾ ਤੇ ਗੁਰੂ ਸਾਹਿਬਾਨ ਲਈ ਵੀ ਬਸਤ੍ਰ ਖ਼ਰੀਦਣ ਮਗਰੋਂ ਆਪਣੇ ਖਰੀਦਣ ਲਗਾ। ਕਪੜੇ ਵਾਲ਼ਾ ਕੀਮਤੀ ਤੋਂ ਕੀਮਤੀ ਬਸਤ੍ਰ ਵਖਾਏ। ਉਹ ਸਿੰਘ ਨ ਹੀ ਕਰਦਾ ਜਾਵੇ। ਭਾਵੇਂ ਉਹ ਸਿੰਘ ਕਾਫ਼ੀ ਮਾਲਦਾਰ ਸੀ ਉਸਨੇ ਆਪਣੇ ਕਪੜੇ ਖਰੀਦ ਲਏ। ਮੈਂ ਕਾਰਨ ਪੁਛਿਆ ਕਿ ਸਿੰਘ ਜੀ ਇਸ ਸਭ ਲੰਮੀ ਚੌੜੀ ਦੌੜ ਧੂਪ ਮਗਰੋਂ ਤੇ ਇੰਨੀ Botheration ਮਗਰੋਂ ਤੁਸਾਂ ਘਟ ਮੁਲ ਵਾਲੇ ਕਪੜੇ ਕਿਉਂ ਖਰੀਦੇ ਉਹਨਾਂ ਕਿਹਾ 'ਮੇਰੀ ਕਪੜਾ ਖਰੀਦਣ ਦੀ ਤਾਕਤ ਕੁਝ ਵੀ ਹੋਵੇ, ਮੈਂ ਆਪਣੇ ਲਈ ਕੋਈ ਕਪੜੇ ਐਸਾ ਨਹੀਂ ਖਰੀਦਾਂਗਾ ਜੋ ਗੁਰੂ ਸਾਹਿਬਾਨ ਦੇ ਬਸਤ੍ਰਾਂ ਤੋਂ ਕੀਮਤੀ ਹੋਵੇ।' ਮੇਰਾ ਉਸ ਸਿੰਘ ਵਾਸਤੇ ਸਨਮਾਨ ਵਜੋਂ ਸਿਰ ਝੁਕ ਗਿਆ। ਗੁਰੂ ਸਾਹਿਬਾਨ ਦੀ ਸੇਵਾ ਨੂੰ ਆਪਣੇ ਤੇ ਆਪਣੇ ਬਾਲ ਬਚੇ ਤੋਂ ਚੰਗਾ ਸਮਝਣਾ ਗੁਰਸਿਖ ਦੇ ਸੁਭ ਵਿਚਾਰ, ਗੁਰੂ ਲਈ ਪਿਆਰ ਤੇ ਸੁਭ ਭਾਵਨਾ ਦਾ ਸਬੂਤ ਹੈ। ਜੇ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਵੇਖੀਏ ਤੇ ਸਾਨੂੰ ਆਪ ਹੀ ਪਤਾ ਲਗੇਗਾ ਕਿ ਅਸੀਂ ਕਿੰਨਾ ਪਿਆਰ ਗੁਰ ਸੇਵਾ ਨਾਲ ਕਰਦੇ ਹਾਂ।

ਅੰਦਰਲਾ ਪਿਆਰ, ਅੰਦਰਲੀ ਖਿੱਚ, ਅੰਦਰੂਨੀ ਤੜਪ ਹੀ ਗੁਰੂ ਸੇਵਾ ਨੂੰ ਗੁਰਸਿਖ ਦੇ ਅੰਦਰ ਹਰਕਤ ਵਿਚ ਲਿਆਉਂਦੀਆਂ ਹਨ ਤੇ ਇਹ ਸਭ ਚੀਜ਼ਾਂ ਗੁਰੂ ਦੇ ਅਦਬ ਤੇ ਇਜ਼ਤ ਕਰਨ ਨਾਲ ਹੀ ਮਿਲਦੀਆਂ ਹਨ।

ਜੇ ਇਹ ਸੋਚਿਆ ਜਾਏ ਕਿ ਗੁਰੂ ਦੀ ਤਾਜ਼ੀਮ (ਸਨਮਾਨ ਤੇ ਇਜ਼ਤ) ਸਿਖਣ ਕਰ ਕੇ ਮਿਲੇ ਇਹ ਗਲ ਗਲਤ ਹੈ ਅਸੀਂ ਇਹ ਮੰਨ ਸਕਦੇ ਹਾਂ ਕਿ ਸਿਖਣ ਕਰਕੇ ਆਦਮੀ ਦੀ ਸਮਝ ਵਿਚ ਫ਼ਰਕ ਪੈ ਜਾਂਦਾ ਹੈ ਤੇ ਉਹ ਗੁਰੂ ਦਾ ਅਦਬ ਕਰਨਾ ਸਿਖ ਸਕਦਾ ਹੈ ਪਰ ਸਿੰਘੋ ਇਹ ਅੰਦਰਲੀ ਚੀਜ਼ ਹੈ 'It cannot be laught, it can be caught' ਇਹ ਹਿਰਦੇ ਤੋਂ ਸਫੁਟਤ ਹੁੰਦੀ ਹੈ ਜਿਸ ਦਾ ਮਾਲਕ ਗੁਰੂ ਆਪ ਹੈ ਸੋ ਗੁਰੂ ਮਹਾਰਾਜ ਜਦੋਂ ਸਿਖ ਉਤੇ ਦਿਆਲੂ ਹੁੰਦੇ ਹਨ ਬੁਧੀ ਤੇ ਬਿਬੇਕ ਬਖ਼ਸ਼ਦੇ ਹਨ। ਅਰਦਾਸੇ ਤੋਂ ਬਹੁਤ ਕੁਝ ਮਿਲ ਸਕਦਾ ਹੈ। ਸ਼ਰਧਾਲੂ ਸਿਖ ਆਪਣੇ ਆਪ ਹੀ ਗੁਰਮਤਿ ਦਾਇਰੇ ਵਿਚ ਆਉਣ ਕਰ ਕੇ ਗੁਰੂ ਦਾ ਅਦਬ ਸਿਖ ਜਾਂਦਾ ਹੈ। ਜਿਸ ਨੇ ਵੀ ਕੁਝ ਪ੍ਰਾਪਤ ਕੀਤਾ ਹੈ ਅਦਬ ਤੋਂ ਹੀ ਪ੍ਰਾਪਤ ਕੀਤਾ ਹੈ ਜਿਸ ਪਿਛੇ ਸੇਵਾ ਤੇ ਪ੍ਰੇਮ ਦੋ ਥੰਮ ਹੁੰਦੇ ਹਨ।

ਸਾਨੂੰ ਇਹ ਵੀ ਗਲ ਨਹੀਂ ਭੁਲਣੀ ਚਾਹੀਦੀ ਹੈ ਕਿ ਅਸੀਂ ਜਿਥੇ ਬਾਕੀ ਦਸਾਂ ਗੁਰੂ ਵਿਅਕਤੀਆਂ ਦੇ ਪੁਰਬ ਮਨਾਉਂਦ ਹਾਂ ਉਥੇ ਅਸੀ ਉਸੇ ਸ਼ਾਨ ਨਾਲ ਉਤਸ਼ਾਹ ਨਾਲ ਤੇ ਉਸੇ ਢੰਗ ਨਾਲ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ 'ਗੱਦੀ ਨਸ਼ੀਨੀ ਗੁਰਪੁਰਬ' ਵੀ*



www.AKJ.Org

# ਨਨਕਾਣੇ ਸਾਹਿਬ ਦਾ ਸਾਕਾ

## (ਖੰਡੇ ਦੀ ਧਾਰ ਵਿਚੋਂ ਸ਼ਾਂਤੀ)

(ਵਲੋਂ:—ਸ: ਜਸਮੇਰ ਸਿੰਘ ਜੀ 'ਪਾਲ' ਚੰਡੀਗੜ੍ਹ)

**1873** ਤੋਂ ਲੈ ਕੇ **1910** ਈਸਵੀ ਤਕ ਨਾਮਧਾਰੀ ਲਹਿਰ ਮਗਰੋਂ ਸਿੱਖਾਂ ਵਿਚ ਧਾਰਮਕ ਲਹਿਰ ਸਿੰਘ ਸਭਾ ਚਲੀ। ਇਹ ਲਹਿਰ ਪੜੇ ਲਿਖੇ ਸਿੱਖਾਂ ਦੀ ਲਹਿਰ ਸੀ ਜਿਸ ਦੇ ਪ੍ਰਮੁਖ ਆਗੂ ਪ੍ਰੋ: ਗੁਰਮੁਖ ਸਿੰਘ ਓਰੰਟੀਅਲ ਕਾਲਜ ਲਾਹੌਰ, ਭਾਈ ਦਿੱਤ ਸਿੰਘ, ਭਾਈ ਵੀਰ ਸਿੰਘ, ਸੁੰਦਰ ਸਿੰਘ ਮਜੀਠੀਆ ਸਨ। ਸਿੱਖਾਂ ਤੇ ਹਿੰਦੂਆਂ ਦੀ ਮਰਿਆਦਾ ਮਿਲਗੋਭਾ ਜਿਹੀ ਹੋ ਗਈ ਸੀ। ਸਿੱਖ ਅਸਲ ਮਰਿਆਦਾ ਤੋਂ ਦੂਰ ਜਾ ਰਹੇ ਸਨ ਇਕ ਪਾਸੇ ਈਸਾਈ ਪ੍ਰਚਾਰਕ ਲੋਕਾਂ ਨੂੰ ਆਪਣੇ ਵਲ ਖਿਚ ਰਹੇ ਸਨ ਦੂਜੇ ਪਾਸੇ ਬ੍ਰਹਮੋ ਸਮਾਜ ਵਾਲੇ ਤੀਜੇ ਪਾਸੇ ਮੁਸਲਮਲੀਗ ਦਾ ਪ੍ਰਭਾਵ ਕਾਫੀ ਪੈ ਚੁਕਾ ਸੀ। ਕਈ ਸਿੱਖ ਘਰਾਣੇ ਪਤਿਤ ਹੁੰਦੇ ਜਾ ਰਹੇ ਸਨ। ਭਾਈ ਜਵੰਦ ਸਿੰਘ ਮੁਅਕਲਾਂ ਵਾਲੇ ਦਾ ਸਾਰਾ ਪਰਵਾਰ ਮੁਸਲਮਾਨ ਹੋ ਗਿਆ ਸੀ। ਸਿੰਘ ਸਭਾ ਲਹਿਰ ਦੇ ਪ੍ਰਭਾਵ ਨਾਲ ਥਾਂ ਥਾਂ ਅੰਮ੍ਰਿਤ ਪ੍ਰਚਾਰ ਹੋਣ ਲਗਾ, ਸਿੱਖ ਇਤਿਹਾਸ ਤੇ ਸਿੱਖ ਧਰਮ ਸਬੰਧੀ ਟ੍ਰੈਕਟ ਲਿਖ ਕੇ ਮੁਫਤ ਵੰਡੇ ਜਾਂਦੇ, ਨਸ਼ਿਆਂ ਤੋਂ ਸਿੱਖਾਂ ਨੂੰ ਸਾਵਧਾਨ ਕੀਤਾ ਜਾਂਦਾ, ਥਾਂ ਥਾਂ ਜਾ ਕੇ ਦੀਵਾਨ ਸਜਾਏ ਜਾਂਦੇ, ਸਰਦਾਰ ਠਾਕਰ ਸਿੰਘ ਸੰਧਾਵਾਲੀਏ, ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕਰਮ ਸਿੰਘ ਕਪੂਰਥਲਾ ਜਿਹੇ ਸੁਧਾਰਕ ਆਗੂ ਸਿੰਘ ਸਭਾ ਲਹਿਰ ਨੂੰ ਅਗੇ ਲੈ ਜਾ ਰਹੇ ਸਨ। ਇਸ ਧੜੇ ਦੇ ਸਿਖ ਵਿਦਿਅਕ Sikh Educatioual Movement ਸੀ ਜਿਸ ਦੇ ਅਧੀਨ **1892** ਈ. ਵਿਚ ਖਾਲਸਾ ਕਾਲਜ ਅੰਮ੍ਰਿਤਸਰ ਹੋਂਦ ਵਿਚ ਆਇਆ। ਪਹਿਲੇ ਖਾਲਸਾ ਦੀਵਾਨ ਲਾਹੌਰ ਤੇ ਅੰਮ੍ਰਿਤਸਰ ਫਿਰ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਤੇ ਪੰਚ ਖਾਲਸਾ ਦੀਵਾਨ ਪੰਚਖੰਡ ਭਸੌੜ ਰਿਆਸਤ ਪਟਿਆਲਾ ਵਿਖੇ ਕਾਇਮ ਹੋਇਆ। ਗੁਰਮੁਖੀ ਅਖਰਾਂ ਵਿਚ ਪੰਜਾਬੀ ਬੋਲੀ ਦਾ ਸਾਹਿਤ

---

*ਮਨਾਈਏ। ਇਹ ਬਹੁਤ ਹੀ ਜ਼ਰੂਰੀ ਹੈ ਅਸੀਂ ਅਪਨਾ, ਅਪਨੇ ਬਚਿਆਂ ਦਾ ਜਨਮ ਦਿਨ ਤਾਂ ਬੜੇ ਚਾਅ ਨਾਲ ਮਨਾਉਂਦੇ ਹਾਂ ਪਰ ਅਫਸੋਸ ਨਾਲ ਕਹਿਨਾ ਪੈਂਦਾ ਹੈ ਕਿ ਸਾਡੀ ਰੁਚੀ ਐਸੀ ਗੁਮਰਾਹ ਹੋ ਗਈ ਹੈ ਕਿ ਅਸੀਂ 'ਦਾਤ ਪਿਆਰੀ ਵਿਸਰਿਆ ਦਾਤਾਰ' ਵਾਲਾ ਹਿਸਾਬ ਕਰ ਰਹੇ ਹਾਂ। ਸਾਡੇ ਕਰਮ ਸਾਡੇ ਬਚਨਾਂ ਨਾਲ ਮੇਲ ਨਹੀਂ ਖਾਂਦੇ। ਖਾਲਸਾ ਜੀਉ। ਜੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਸਨਮਾਨ ਕਰਾਂਗੇ ਤਾਂ ਹੀ ਉਚੇ ਉਠ ਸਕਾਂਗੇ। ਸੋ 'ਐਸੀ ਵਸਤ ਵਿਸਾਹੀਏ, ਜੈਸੀ ਨਿਭਹੇ ਨਾਲ' ਦੇ ਅਨੁਸਾਰ ਗੁਰੂ-ਸੇਵਾ ਨੂੰ ਅਪਨਾਉਣਾ ਹੀ ਸਾਡਾ ਮੁਖ ਕਰਤੱਵ ਹੈ।



www.AKJ.Org

ਇਸੇ ਲਹਿਰ ਦੇ ਕਾਰਨ ਪ੍ਰਚਾਰਿਆ ਜਾਂਦਾ ਰਿਹਾ ਸਿੰਘ ਸਭਾ ਲਹਿਰ ਦੇ ਨਾਲੋ ਨਾਲ ਪੰਜਾਬ ਵਿਚ ਸਰਬ ਹਿੰਦ ਕਾਂਗਰਸ ਮੀਆਂ ਗੁਲਾਮ ਅਹਿਮਦ ਕਾਦੀਆਨੀ ਦੀ ਅਹਿਮਦੀਆ ਲਹਿਰ ਤੇ ਸੁਆਮੀ ਦਿਆ ਨੰਦ ਜੀ ਦੇ ਆਰੀਆ ਸਮਾਜ ਦਾ ਪਰਚਾਰ ਚਲ ਰਿਹਾ ਸੀ। ਪਹਿਲੇ ਪਹਿਲ ਸਿੱਖਾਂ ਨੂੰ ਕਾਂਗਰਸ ਨੇ ਆਪਣੇ ਨਾਲ ਰਲਾਉਣਾ ਚਾਹਿਆ ਪਰੰਤੂ ਉਹ 1900 ਈ. ਤਕ ਬਿਲਕੁਲ ਚੁਪ ਰਹੇ ਫਿਰ 1907 ਤੋਂ 1912 ਤਕ ਉਘੇ ਕਾਂਗਰਸੀ ਧੜਲੇਦਾਰ ਪਰਮੁਖ ਆਗੂਆਂ ਮਹਾਤਮਾ ਤਿਲਕ, ਕ੍ਰਿਸ਼ਨ ਗੋਪਾਲ ਗੋਖਲੇ ਦੇਸ਼ ਬੰਧੂ ਦੀਆਂ ਗਰਮ ਤਕਰੀਰਾਂ ਨੇ ਸਿਖਾਂ ਨੂੰ ਪ੍ਰਭਾਵਤ ਕੀਤਾ ਕਿ ਉਹ ਕੌਮੀ ਘੋਲ ਵਿਚ ਕੁੱਦ ਪੈਣ। ਪੰਜਾਬ ਵਿਚ ਬਹੁਤੇ ਸਿਖ ਹੀ ਸਨ ਜਿਨ੍ਹਾਂ ਨੇ ਆਪਣੇ ਆਪ ਨੂੰ ਦੇਸ਼ ਸੇਵਾ ਲਈ ਕਾਂਗਰਸ ਦੇ ਸਪੁਰਦ ਕੀਤਾ। ਸਿਖ ਇਸ ਸਮੇਂ ਮਜ਼ਬੀ ਖਿਚੋਤਾਣ ਵਿਚੋਂ ਬਾਹਰ ਆ ਕੇ ਦੇਸ਼ ਪਿਆਰ ਦੀ ਕੌਮੀ ਰੰਗਣ ਵਿਚ ਰੰਗੇ ਜਾ ਚੁਕੇ ਸਨ।

ਸੰਨ 1912 ਤੋਂ ਲਗਪਗ 1920 ਈ. ਤਕ ਦਾ ਜ਼ਮਾਨਾ ਮੁਸਲਮਾਨਾਂ, ਹਿੰਦੂਆਂ ਸਿੱਖਾਂ ਦੀ ਕੌਮੀਂ ਜਾਗਰਤ ਦਾ ਕਿਹਾ ਜਾ ਸਕਦਾ ਹੈ। 1912 ਈ: ਵਿਚ ਅੰਗਰੇਜ਼ਾਂ ਨੇ ਆਪਣੀ ਰਾਜਧਾਨੀ ਦਿਲੀ ਬਦਲ ਦਿਤੀ ਜਦੋਂ ਕਿ ਰਾਜਧਾਨੀ ਪਹਿਲੇ ਕਲਕਤੇ ਹੋਇਆ ਕਰਦੀ ਸੀ। ਨਵੀਂ ਦਿਲੀ ਵਿਚ ਅੰਗਰੇਜ਼ ਵਾਇਸਰਾਏ ਦੀ ਕੋਠੀ ਬਣਨੀ ਸੀ। ਅੰਗ੍ਰੇਜ਼ਾਂ ਨੇ ਵਾਇਸਰਾਏ ਦੀ ਕੋਠੀ ਪਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਵਿਤਰ ਅਸਥਾਨ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਡੇਗ ਦਿਤੀ। ਇਹ ਸਿੱਖਾਂ ਦੇ ਅੱਲੇ ਜ਼ਖ਼ਮਾਂ ਉਤੇ ਲੂਣ ਛਿੜਕਣ ਦੇ ਸਮਾਨ ਸੀ। ਸਿਖ ਗੁਰਦਵਾਰਿਆਂ ਦੀ ਪਵਿਤਰਤਾ ਲਈ ਕੀ ਨਹੀਂ ਸਨ ਕਰ ਸਕਦੇ? ਇਹ ਸਿਖ-ਪੰਥ ਨੂੰ ਵੰਗਾਰ ਸੀ। ਪਰੰਤੂ ਪੰਥ ਨੂੰ ਵੰਗਾਰ ਪਾਉਣ ਵਾਲਾ ਅਗੋਂ ਜ਼ਬਰਦਸਤ ਟਾਕਰੇ ਦੀ ਆਸ ਰਖੇ। ਇਹ ਨਹੀਂ ਕਿ ਟਾਕਰਾ ਨਹੀਂ ਕੀਤਾ ਜਾਵੇਗਾ, ਸਗੋਂ ਇੱਟ ਦਾ ਜਵਾਬ ਪੱਥਰ ਵਿਚ ਦਿਤਾ ਜਾਵੇਗਾ। ਅੰਗਰੇਜ਼ਾਂ ਨੇ ਖਾਲਸੇ ਦੀ ਜ਼ਮੀਰ ਨੂੰ ਸਿਧਾ ਚੈਲੰਜ ਕਰ ਦਿਤਾ ਸੀ। ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਰਕਾਬ ਗੰਜ ਦੀ ਪਵਿਤਰਤਾ ਲਈ ਦਿਲੀ ਵਲ ਨੂੰ ਜੱਥਾ ਲੈ ਕੇ ਵਹੀਰ ਘੱਤ ਦਿਤੀ। ਭਾਈ ਸਾਹਿਬ ਦਾ ਜੱਥਾ 'ਮਰੋ ਤਾ ਹਰ ਕੇ ਦੁਆਰ' 'ਮੋਹ ਮਰਨੈ ਕਾ ਚਾਉ' ਦਾ ਸ਼ਬਦ ਪੜ੍ਹ ਰਿਹਾ ਸੀ। ਸਿੰਘਣੀਆਂ ਆਖ ਰਹੀਆਂ ਸਨ, 'ਇਹ ਜ਼ਾਲਮ ਸੁਕਾਰ ਅਸਾਂ ਨਹੀਂ ਰਖਣੀ ਇਹ ਜ਼ਾਲਮ ਸੁਕਾਰ...' ਆਖਰ ਅੰਗਰੇਜ਼ਾਂ ਨੂੰ ਝੁਕਣਾ ਪਿਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਬੰਬ ਸਾਜ਼ਸ਼ ਕੇਸ ਵਿਚ ਮਲੋ ਧੱਕੀ ਸ਼ਾਮਲ ਕਰ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਉਸ ਬੀਰ ਬਹਾਦਰ ਕਲਗੀਧਰ ਦੇ ਸ਼ੇਰ ਨੇ ਹੱਸ ਹੱਸ ਕੇ ਜਿਹਲ ਜੀਵਨ ਬਿਤਾਇਆ। 1914 ਵਿਚ ਯੋਰਪ ਦਾ ਮਹਾਂਜੁਧ ਛਿੜ ਚੁਕਾ ਸੀ। ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਫੌਜ ਲਈ ਸਿੱਖਾਂ ਦੀ ਲੋੜ ਪਈ ਤਾਂ ਮਹਾਰਾਜਾ ਨਾਭਾ ਨੇ ਅੰਗਰੇਜ਼ਾਂ ਨੂੰ ਆਖ ਕੇ ਮੁੜ ਰਕਾਬ ਗੰਜ ਸਾਹਿਬ ਦੀ ਕੰਧ ਬਣਵਾ ਦਿਤੀ ਗਈ। ਮਹਾਤਮਾ ਗਾਂਧੀ ਦੀ ਨਾਮਿਲਵਰਤਨ ਲਹਿਰ ਵਿਚ ਬਹੁਤੇ ਸਿਖ ਹੀ ਸਨ। 13 ਅਪਰੈਲ ਉਨੀ ਸੌ ਉਨੀ ਈ. ਵਿਚ ਜਲਿਆਂਵਾਲੇ ਗੋਲੀ ਚਲੀ। ਉਸ ਸਮੇਂ ਪੰਜਾਬ ਦੇ ਗਵਰਨਰ ਸਰ ਮਾਈਕਲ ਉਡਵਾਈਰ ਨੇ ਹਜ਼ਾਰਾਂ ਦੇਸ਼ ਭਗਤਾਂ ਨੂੰ ਭੰਨ ਛਡਿਆ। ਦੇਸ਼ਾਂ ਪਰਦੇਸ਼ਾਂ ਵਿਚ ਸਿਖ ਅੰਗਰੇਜ਼ਾਂ ਦੇ ਹਥੋਂ ਤਸੀਹੇ ਝਲ ਰਹੇ ਸਨ। ਸਿੱਖਾਂ ਦੇ ਧਾਰਮਕ ਸਥਾਨ ਤਰਨ ਤਾਰਨ ਸਾਹਿਬ, ਨਣਕਾਣਾ ਸਾਹਿਬ, ਹਰਿਮੰਦਰ ਸਾਹਿਬ ਪੁਜਾਰੀਆਂ ਦੇ ਕਬਜ਼ੇ ਵਿਚ ਸਨ। ਪੁਜਾਰੀ ਅੰਗਰੇਜ਼ਾਂ ਦੇ ਪਿਠੂ ਸਨ ਤੇ ਅੰਗਰੇਜ਼ ਹਕੂਮਤ ਦੇ 'ਜੀ ਹਜ਼ੂਰੀਏ' ਬਣੇ ਹੋਏ ਸਨ। ਧਾਰਮਕ ਅਸਥਾਨਾਂ ਦੇ ਨਾਲ ਵਡੀਆਂ ਵਡੀਆਂ ਜਗੀਰਾਂ ਜਾਇਦਾਦਾਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਤੋਂ ਲਗੀਆਂ ਹੋਈਆਂ ਸਨ। ਪੁਜਾਰੀ ਮਹੰਤਾਂ ਦੇ ਆਚਰਣ ਰਸਾਤਲ ਵਿਚ ਜਾ ਚੁਕੇ ਸਨ। ਜਨਮ ਅਸਥਾਨ ਨਣਕਾਣੇ ਸਾਹਿਬ ਦਾ ਮਹੰਤ ਨਰੈਣ ਦਾਸ ਬੜਾ ਵਿਭਚਾਰੀ ਸੀ ਉਸ ਨੇ ਵਿਭਚਾਰਨ



www.AKJ.Org

ਔਰਤਾਂ ਆਪਣੇ ਡੇਰੇ ਵਿਚ ਰਖੀਆਂ ਹੋਈਆਂ ਸਨ ਹਰਦੁਆਰ ਤੋਂ ਕਾਫੀ ਨਾਂਗੇ ਸਾਧੂ ਉਸ ਕੋਲ ਆ ਕੇ ਠਹਿਰੇ ਹੋਏ ਸਨ। ਉਹ ਚੁਰਟਾਂ ਪੀਂਦੇ ਸਨ, ਗਾਂਜਾ ਤੇ ਮਦਕਾਂ ਭੰਗ ਚਰਸ ਉਡਾਂਦੇ ਸਨ। ਕੜਾਹ ਪ੍ਰਸ਼ਾਦ ਦੀਆਂ ਦੇਗਾਂ ਦੇ ਠੇਕੇ ਮਹੰਤ ਨਰੈਣ ਦਾਸ ਨੇ ਤਮਾਕੂ ਨੋਸ਼ਾਂ ਨੂੰ ਦੇ ਰਖੇ ਸਨ। ਜਿਹੜਾ ਵੀ ਅੰਮ੍ਰਿਤਧਾਰੀ ਸਿੰਘ ਜਨਮ ਅਸਥਾਨ ਵਿਖੇ ਮੱਥਾ ਟੇਕਣ ਜਾਂਦਾ ਉਸ ਦੀ ਕਿਰਪਾਨ ਲਾਹ ਲਈ ਜਾਂਦੀ ਤੇ ਦਸਤਾਰ ਵੀ ਉਤਾਰ ਲਈ ਜਾਂਦੀ। ਕੋਈ ਯਾਤਰੂ ਇਸਤਰੀ ਉਥੇ ਠਹਿਰਦੀ ਤਾਂ ਰਾਤੀ ਉਸ ਦਾ ਸਤ ਭੰਗ ਕਰ ਦਿਤਾ ਜਾਂਦਾ। ਇਕ ਰਾਤ ਦੋ ਯਾਤਰੂ ਔਰਤਾਂ ਜਨਮ ਅਸਥਾਨ ਵਿਖੇ ਠਹਿਰੀਆਂ ਤਾਂ ਰਾਤੀ ਉਹਨਾਂ ਨੂੰ ਭੇਖੀ, ਡੰਬੀ, ਸਾਧਾਂ ਨੇ ਪਲੀਤ ਕਰ ਦਿਤਾ। ਮਹੰਤ ਨਰੈਣ ਦਾਸ ਦੀਆਂ ਸ਼ਕਾਇਤਾਂ ਰੋਜ਼ ਪੰਥ ਪਾਸ ਪੁਜਦੀਆਂ ਸਨ। ਗੁਰਮਤੇ ਹੁੰਦੇ ਸਨ ਤਾਕਿ ਗੁਰਦੁਆਰੇ ਦਾ ਸੁਧਾਰ ਹੋ ਸਕੇ। ਪ੍ਰੰਤੂ ਮਹੰਤ ਰਸਤਾ ਨਹੀਂ ਸੀ ਦੇ ਰਿਹਾ। ਇਕ ਵਾਰ ਸਾਂਝਾ ਇਕੱਠ ਪੰਥ ਵਲੋਂ ਲਾਹੌਰ ਬੁਲਾਇਆ ਗਿਆ ਤੇ ਮਹੰਤ ਨੂੰ ਵੀ ਸੱਦਾ ਦਿਤਾ ਗਿਆ ਕਿ ਉਹ ਉਥੇ ਸ਼ਾਮਲ ਹੋਵੇ ਪ੍ਰੰਤੂ ਮਹੰਤ ਨਾ ਆਪ ਆਇਆ ਨਾ ਆਪਣੇ ਬੰਦੇ ਹੀ ਭੇਜੇ। ਗੁਰੂ ਨਾਨਕ ਜੀ ਦਾ ਉਹ ਪਵਿਤ੍ਰ ਅਸਥਾਨ ਜਿਥੋਂ ਸਤਿਨਾਮ ਦੀਆਂ ਧੁੰਨਾਂ ਗੂੰਜਿਆ ਕਰਦੀਆਂ ਸਨ ਕੁਕਰਮੀ ਮਹੰਤ ਦੇ ਟੇਟੇ ਚੜ੍ਹ ਚੁਕਾ ਸੀ। ਸਿੰਘ ਇਸ ਨੂੰ ਕਦੋਂ ਤੀਕ ਸਹਾਰ ਸਕਦੇ ਸਨ? ਇਧਰ ਇਥੇ ਮੱਸੇ ਰੰਘੜ ਵਾਲਾ ਦੌਰ ਚਲ ਰਿਹਾ ਸੀ। ਦੂਜੇ ਪਾਸੇ ਸਿੰਘਾਂ ਦੇ ਜਜ਼ਬਾਤ ਭੜਕ ਰਹੇ ਸਨ। ਮਾਤਾ ਤ੍ਰਿਪਤਾ ਦੇ ਲਾਡਲੇ ਲਛਮਣ ਸਿੰਘ ਤੇ ਦਲੀਪ ਸਿੰਘ ਦੀ ਜ਼ਮੀਰ ਨੂੰ ਮਹੰਤ ਦੇ ਕੁਕਰਮਾਂ ਨੇ ਬਲੀਦਾਨ ਦੇਣ ਲਈ ਮਜਬੂਰ ਕਰ ਦਿਤਾ ਸੀ। ਸ਼ੇਰਾਂ ਬੀਰ ਬਹਾਦਰਾਂ ਨੂੰ ਸਿਖੀ ਅਣਖ ਨੇ ਟੁੰਬਿਆ ਥਾਉਂ ਥਾਈਂ ਸੁਨੇਹੇ ਪੁਜਣ ਲਗੇ। 'ਇਤ ਮਾਰਗ ਪੈਰ ਧਰੀਜੈ ਸਿਰ ਦੀਜੈ ਕਾਣ ਨ ਕੀਜੈ' ਦੀ ਪਹਿਲੀ ਪਉੜੀ ਦਾ ਸਬਕ ਸੀ। 'ਪਹਿਲਾ ਮਰਨ ਕਬੂਲ ਜੀਵਣ ਕੀ ਛਡ ਆਸ ਦਾ... ... ... ... ਕਿਉਂਕਿ ਇਸੇ ਆਦਰਸ਼ ਰਾਹੀਂ ਪ੍ਰੇਮ ਖੇਲਨ ਕੇ ਚਾਓ ਦੁਆਰਾ ਮਾਹੀ ਦਾ ਦੁਆਰਾ ਮਲਿਆ ਜਾ ਸਕਦਾ ਸੀ।

ਅਕਾਲੀ ਅਖ਼ਬਾਰ ਲਾਹੌਰ ਤੋਂ ਮਈ 1920 ਵਿਚ ਚਾਲੂ ਹੋਇਆ। ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਨੇ ਇਹ ਅਖਬਾਰ ਚਲਾਇਆ। ਅਕਾਲੀ ਅਖ਼ਬਾਰ ਨੇ ਮਹੰਤ ਦੀਆਂ ਕਰਤੂਤਾਂ, ਅੰਗਰੇਜ਼ੀ ਸਰਕਾਰ ਦੀਆਂ ਝੂਠੀਆਂ ਕਾਰਵਾਈਆਂ ਦੇ ਪਾਜ ਖੋਲ੍ਹੇ, ਅੰਗਰੇਜ਼ ਧੱਕੇਸ਼ਾਹੀ ਦੇ ਵਿਰੁਧ ਪ੍ਰਾਪੇਗੰਡਾ ਕੀਤਾ, ਇਸ ਅਖ਼ਬਾਰ ਨੂੰ ਅਕਾਲੀ ਲਹਿਰ ਦਾ ਮੀਲ ਪੱਥਰ ਸਮਝਿਆ ਗਿਆ। ਗੁਰਦਵਾਰਾ ਸੁਧਾਰ ਲਹਿਰ ਅਕਾਲੀ ਲਹਿਰ ਵਿਚ ਬਦਲ ਗਈ। ਕਾਂਗਰਸ ਦੀ ਨਾਮਿਲਵਰਤਨ ਨਾਲ ਅਕਾਲੀ ਲਹਿਰ ਕਾਫ਼ੀ ਕੁਝ ਮਿਲਦੀ ਸੀ। ਪੰਜਾਬ ਦੇ ਨਿਧੜਕ ਲੀਡਰ ਲਾਲਾ ਲਾਜਪਤ ਰਾਇ ਨੇ ਕਲਕੱਤੇ ਕਾਂਗ੍ਰਸ ਦੇ ਇਜਲਾਸ ਵਿਚ ਨਾਮਿਲਵਰਤਨ ਦਾ ਮਤਾ ਪਾਸ ਕੀਤਾ। ਮਹਾਤਮਾ ਗਾਂਧੀ ਨੇ ਸਤੰਬਰ 1920 ਵਿਚ ਨਾਮਿਲਵਰਤਨ ਲਹਿਰ ਦਾ ਅਰੰਭ ਕਰ ਦਿਤਾ ਤੇ ਸਿਖ ਆਗੂਆਂ ਨੇ ਵੀ ਗਾਂਧੀ ਜੀ ਨਾਲ ਇਸ ਲਹਿਰ ਵਿਚ ਭਾਗ ਲਿਆ ਤੇ ਪੁਜ ਕੇ ਹਮਾਇਤ ਕੀਤੀ। ਅਕਾਲੀ ਆਗੂਆਂ ਦਾ ਧਿਆਨ ਖਾਸ ਕਰਕੇ ਨਣਕਾਣੇ ਸਾਹਿਬ ਦੇ ਗੁਰਦੁਆਰਾ ਜਨਮ ਅਸਥਾਨ ਦਾ ਸੁਧਾਰ ਕਰਨ ਵਲ ਹੋਇਆ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 6 ਮਾਰਚ 1921 ਨੂੰ ਨਣਕਾਣੇ ਸਾਹਿਬ ਧਾਰਮਕ ਦੀਵਾਨ ਅਰੰਭ ਕਰਨਾ ਚਾਹਿਆ ਤੇ ਗੁਰਦੁਆਰੇ ਦੇ ਫ਼ੈਸਲੇ ਬਾਰੇ ਨਿਰਨਾ ਕਰਨਾ ਆਗੂ ਚਾਹੁੰਦੇ ਸਨ। ਮਹੰਤ ਨਰੈਣ ਦਾਸ ਨੇ ਸਿਖਾਂ ਦਾ ਟਾਕਰਾ ਕਰਨ ਲਈ ਅੰਦਰਲੇ ਤਹਿਖਾਨੇ ਆਪਣੀਆਂ ਤਿਆਰੀਆਂ ਅਰੰਭ ਦਿਤੀਆਂ। ਮਹੰਤ ਨੇ ਇਲਾਕੇ ਦਾ ਪੰਜ ਛੇ ਕੁ ਸੌ ਬੰਦਾ ਇਕੱਠਾ ਕਰ ਕੇ ਮੀਟਿੰਗ ਕੀਤੀ। 60 ਬੰਦਿਆਂ ਦੀ ਇਕ ਕਮੇਟੀ ਬਣਾਈ ਆਪ ਉਸ ਦਾ ਮੋਢੀ ਬਣਿਆ ਤੇ ਮਹੰਤ ਬਸੰਤ ਦਾਸ ਜਨਰਲ ਸਕੱਤਰ ਚੁਣਿਆ ਗਿਆ। 23 ਜਨਵਰੀ ਤੋਂ ਲੈ ਕੇ


www.AKJ.Org

7 ਫ਼ਰਵਰੀ ਤਕ ਸ਼੍ਰੋਮਣੀ ਕਮੇਟੀ ਦੇ ਅਕਾਲ ਤਖਤ ਉਤੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਸੁਧਾਰ ਬਾਰੇ ਫੈਸਲੇ ਹੁੰਦੇ ਰਹੇ। 7 ਫ਼ਰਵਰੀ ਨੂੰ ਮਹੰਤ ਨੇ ਫਿਰ ਮੀਟਿੰਗ ਸੱਦੀ।

ਪੰਥ ਦੀ ਅਗਵਾਈ ਕਰਨ ਵਾਲੇ ਬੂਟਾ ਸਿੰਘ ਚੱਕ 401, ਤੇਜਾ ਸਿੰਘ ਚੂਹੜਕਾਣਾ, ਤੇਜਾ ਸਿੰਘ ਸਮੁੰਦਰੀ, ਕਰਤਾਰ ਸਿੰਘ ਝਬਰ, ਮਾਸਟਰ ਤਾਰਾ ਸਿੰਘ, ਬਖਸ਼ੀਸ਼ ਸਿੰਘ ਲਾਇਲਪੁਰੀ ਸਨ। ਆਖ਼ਰ 17 ਫ਼ਰਵਰੀ ਨੂੰ ਮਹੰਤ ਨਰੈਣ ਦਾਸ ਨੇ ਆਪਣੇ ਵਲੋਂ ਜੀਵਣ ਦਾਸ ਨੂੰ ਪ੍ਰਤੀਨਿਧ ਬਣਾ ਕੇ ਮੀਟਿੰਗ ਵਿਚ ਭੇਜਿਆ। ਆਪ ਨਾ ਆਇਆ। ਅਕਤੂਬਰ 1920 ਵਿਚ ਧਾਰੋਵਾਲੀ (ਜ਼ਿਲਾ ਸ਼ੇਖੂਪੁਰਾ) ਵਿਚ ਮਹੰਤ ਦੇ ਖ਼ਿਲਾਫ਼ ਦੀਵਾਨ ਵੀ ਕੀਤਾ ਗਿਆ। ਇਹ ਦੀਵਾਨ ਜਥੇਦਾਰ ਲਛਮਣ ਸਿੰਘ ਦੀ ਅਗਵਾਈ ਹੇਠਾਂ ਹੋਇਆ। ਇਸ ਦੀਵਾਨ ਦੀ ਖ਼ਬਰ ਸੁਣ ਕੇ ਮਹੰਤ ਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ। ਉਹ ਸਿੰਘਾਂ ਨੂੰ ਬਰਬਾਦ ਕਰ ਕੇ ਲਹਿਰ ਨੂੰ ਦਬਾਉਣਾ ਚਾਹੁੰਦਾ ਸੀ। ਮਹੰਤ ਨੇ ਇਲਾਕੇ ਵਿਚੋਂ 60 ਹਜ਼ਾਰ ਰੁਪਿਆ ਇਕੱਠਾ ਕਰ ਕੇ ਸੰਤ ਸੇਵਕ ਅਖ਼ਬਾਰ ਅਕਾਲੀਆਂ ਦੇ ਖ਼ਿਲਾਫ਼ ਚਲਾਇਆ। ਮਹੰਤ ਨੇ ਇਕ ਕੰਜਰੀ (ਵੇਸਵਾ) ਆਪਣੇ ਘਰ ਵਸਾਈ ਹੋਈ ਸੀ। ਮਹੰਤ ਨਰੈਣ ਦਾਸ ਉਦਾਸੀ ਮਹੰਤਾਂ ਦੀ, ਸਾਧਾਂ ਦੀ ਔਲਾਦ ਸੀ। ਉਸ ਤੋਂ ਪਹਿਲੋਂ ਦੇ ਉਦਾਸੀ ਮਹੰਤ ਵੀ ਵੇਸਵਾਵਾਂ ਰਖਦੇ ਸਨ, ਮੁਜਰੇ ਕਰਵਾਉਂਦੇ ਸਨ। ਅਕਤੂਬਰ 1918 ਵਿਚ ਜਨਮ ਅਸਥਾਨ ਵਿਚ ਕੰਜਰੀ ਦਾ ਮੁਜਰਾ ਕਿਸ਼ਨ ਦਾਸ ਮਹੰਤ ਨੇ ਕਰਵਾਇਆ ਸੀ। ਜਿੰਨੀਆਂ ਇਧਰ ਕੁਰੀਤੀਆਂ ਫੈਲ ਰਹੀਆਂ ਸਨ ਓਨਾਂ ਹੀ ਉਧਰ ਦੂਜੇ ਪਾਸੇ ਪੰਥ ਵਿਚ ਉਭਾਰ ਆ ਰਿਹਾ ਸੀ। ਸਿੰਘਾਂ ਵਿਚ ਜੋਸ਼ ਵਧਦਾ ਜਾ ਰਿਹਾ ਸੀ। (ਚਲਦਾ)


ਸਦਾ ਯਾਦ ਰਖੋ !

**ਬਿਜਲੀ ਦੇ ਸਾਮਾਨ ਦੀ ਥੋਕ ਤੇ ਪ੍ਰਚੂਨ ਦੁਕਾਨ**

ਹਰ ਕਿਸਮ ਦਾ ਬਿਜਲੀ ਦਾ ਸਾਮਾਨ ਸਸਤਾ ਤੇ ਚੰਗਾ ਖ਼ਰੀਦਣ ਲਈ ਇਕ ਵਾਰ ਜ਼ਰੂਰ ਦਰਸ਼ਨ ਦਿਉ ਤੇ ਲਾਭ ਉਠਾਉ।

**ਰਵੇਲ ਇਲੈਕਟ੍ਰਿਕ ਵਰਕਸ**

ਚੌਕ ਰਾਘੋਮਾਜਰਾ, ਪਟਿਆਲਾ।

*Authorised Stockists :*

*ESS ESS Kay Products, GNE Products, Steel grip P.V.C. Tape, Hicco cables, National Conduit Pipes.*

*Specialist in :*

*House wiring & Motor Fitting.*

*Large Sale & Less Profit is our Motto.*


www.AKJ.Org

ਕੇਵਲ ਧਾਰਮਿਕ ਦ੍ਰਿਸ਼ਟੀਕੋਣ ਤੋਂ :—

# ਨਾਨਕ ਨਾਮ ਜਹਾਜ਼ ਹੈ ?

(ਵਲੋਂ:—ਭਾਈ ਜਸਬੀਰ ਸਿੰਘ 'ਬੀਰ' ਪਟਿਆਲਾ)

(ਨੋਟ:—ਪਿਛਲੇ ਕੁਝ ਸਮੇਂ ਤੋਂ ਇਕ ਫਿਲਮ 'ਨਾਨਕ ਨਾਮ ਜਹਾਜ਼ ਹੈ' ਦੀ ਸਾਰੇ ਪੰਜਾਬ ਵਿਚ ਸਿਖੀ ਜੀਵਨ ਸਬੰਧੀ ਪਹਿਲੀ ਸਫਲ ਧਾਰਮਿਕ ਫਿਲਮ ਹੋਣ ਦਾ ਪਰਚਾਰ ਬੜੇ ਜ਼ੋਰ ਸ਼ੋਰ ਨਾਲ ਕੀਤਾ ਜਾ ਰਿਹਾ ਹੈ ਇਸ ਸਬੰਧੀ 'ਜੇਹਾ ਡਿਠਾ ਮੈ ਤੇਹੋ ਕਹਿਆ' ਅਨੁਸਾਰ ਵਿਚਾਰ ਹੇਠਾਂ ਦਿਤਾ ਜਾ ਰਿਹਾ ਹੈ। ਇਹ ਇਕ ਕੌਮੀ ਮਸਲਾ ਹੈ ਜਿਸ ਲਈ ਹਰ ਵਿਚਾਰ ਦੇ ਸਿਖ ਵਿਦਵਾਨ, ਵਿਚਾਰਵਾਨ ਸਜਣ ਨੂੰ ਇਸ ਸਬੰਧੀ ਆਪਣੀ ਯੋਗ ਰਾਇ ਇਸ ਪੱਤਰ 'ਸੂਰਾ' ਧੋਬੀ ਘਾਟ, ਪਟਿਆਲਾ ਦੇ ਪਤੇ ਤੇ ਜ਼ਰੂਰ ਤੇ ਛੇਤੀ ਹੀ ਭੇਜਣ ਦੀ ਜੋਦੜੀ ਕਰਦਾ ਹਾਂ। —ਲੇਖਕ)

ਆਪਣੇ ਛੋਟੇ ਜਿਹੇ ਧਾਰਮਿਕ ਜੀਵਨ ਵਿਚ ਅਜ ਤਕ ਫਿਲਮਾਂ ਵਾਲੇ ਪਾਸਿਉਂ 'ਨਾਸਤਿਕ' ਬਣਿਆ ਰਿਹਾਂ ਪਰੰਤੂ ਐਤਕੀਂ ਮੇਰੇ ਕਈ ਮਿਤ੍ਰਾਂ ਦੇ ਬਹੁਤ ਜ਼ੋਰ ਦੇਣ ਤੇ ਅਖਾਉਤੀ ਧਾਰਮਿਕ ਫਿਲਮ 'ਨਾਨਕ ਨਾਮ ਜਹਾਜ਼ ਹੈ' ਵੇਖਣ ਲਈ ਦੋ ਵਾਰ 'ਫਿਲਮੀ ਆਸਤਿਕ' ਬਣਨਾ ਪਿਆ। ਇਕ ਵਾਰ ਤਾਂ ਸਚਮੁਚ ਇਸ ਫਿਲਮ ਦੇ ਐਕਟਰਾਂ, ਐਕਟਰਸਾਂ ਦੇ ਕੀਤੇ ਕਮਾਲ ਦੇ ਜੌਹਰਾਂ ਨੇ ਇਸ 'ਖੁਟਹਰ ਮਨ' ਤੇ ਕਾਫ਼ੀ ਪ੍ਰਭਾਵ ਪਾਇਆ ਪਰੰਤੂ ਦੂਜੀ ਵਾਰ ਦੇ ਸ਼ੋਅ ਨੇ ਮੈਨੂੰ ਮੁੜ ਫਿਲਮਾਂ ਵਲੋਂ ਨਾਸਤਿਕ ਬਣਨ ਲਈ ਪ੍ਰੇਰਿਆ, ਜਿਸ ਲਈ ਮਜਬੂਰਨ ਅਜ ਇਸ ਬਾਰੇ ਸੁਹਿਰਦ ਪਾਠਕਾਂ, ਆਪਣੀ ਕੌਮ ਦੇ ਮੌਜੂਦਾ ਨੇਤਾਵਾਂ, ਵਿਚਾਰਵਾਨਾਂ ਨਾਲ ਕੇਵਲ ਤੇ ਕੇਵਲ ਧਾਰਮਿਕ ਪੱਖ ਤੋਂ ਇਸ ਫ਼ਿਲਮ ਬਾਰੇ (ਜਿਸ ਦੀਆਂ ਮੌਜੂਦਾ ਸਮੇਂ ਵਿਚ ਖੂਬ ਧੁੰਮਾਂ ਪਈਆਂ ਹੋਈਆਂ ਹਨ) ਕੁਝ ਵਿਚਾਰ ਸਾਂਝੇ ਕਰਨਾ ਚਾਹੁੰਦਾ ਹਾਂ।

## 'ਨਾਨਕ ਨਾਮ' ਕਿ 'ਵਾਹਿਗੁਰੂ ਨਾਮ'

ਅਜ ਕਲ ਆਮ ਗੁਰਪੁਰਬਾਂ ਸਮੇਂ ਅੰਮ੍ਰਿਤ ਵੇਲੇ ਬੜੇ ਠਾਠ ਨਾਲ ਪ੍ਰਭਾਤ ਫੇਰੀਆਂ ਕਢਣ ਦਾ ਰਿਵਾਜ ਜ਼ੋਰਾਂ ਤੇ ਹੈ (ਜਦੋਂ ਕਿ ਸਾਰਾ ਸਾਲ ਇਹ ਪ੍ਰਭਾਤ ਫੇਰੀਆਂ ਵਿਚ ਹਿਸਾ ਲੈਣ ਵਾਲੇ ਮੇਰੇ ਵਰਗੇ ਸਵੇਰੇ ਦਿਨ ਚੜ੍ਹਦੇ ਉਠਦੇ ਦੇਖੇ ਜਾ ਸਕਦੇ ਹਨ)। ਇਨ੍ਹਾਂ ਪ੍ਰਭਾਤ ਫੇਰੀਆਂ ਵਿਚ ਇਕ ਸ਼ਬਦ 'ਠਾਕੁਰ ਤੁਮ ਸਰਣਾਈ ਆਇਆ' ਬੜੇ ਜ਼ੋਰ ਸ਼ੋਰ ਨਾਲ ਢੋਲਕੀਆਂ ਛੈਣਿਆਂ ਦੀ ਛਣਕਾਰ ਵਿਚ ਪੜ੍ਹਿਆ ਜਾਂਦਾ ਹੈ।

ਇਸ ਸ਼ਬਦ ਦੀ 'ਅਨਬੋਲਤ ਮੇਰੀ ਬਿਰਥਾ ਜਾਨੀ, ਅਪਨਾ ਨਾਮ ਜਪਾਇਆ' ਵਿਚੋਂ ਅਧੀ ਤੁਕ ਲੈ ਕੇ ਬੜੇ ਉਚੀ ਉਚੀ ਅਨੰਦ-ਮਈ ਲੈਅ ਨਾਲ ਪੜ੍ਹਿਆ ਜਾਂਦਾ ਹੈ 'ਅਪਨਾ ਨਾਮ ਜਪਾਇਆ ਕਲਗੀਆਂ ਵਾਲੇ ਨੇ' ਅਤੇ ਫਿਰ ਸਾਰੇ ਸ਼ਬਦ ਦੀ ਧਾਰਨਾ ਹੀ ਇਹ ਬਣ ਜਾਂਦੀ ਹੈ, ਜਦੋਂ ਕਿ ਇਸ


www.AKJ.Org

ਸ਼ਬਦ ਦੀ ਧਾਰਨਾ, 'ਰਹਾਉ' ਵਾਲੀ ਤੁਕ 'ਠਾਕੁਰ ਤੁਮ ਸਰਣਾਈ ਆਇਆ' ਹੀ ਸਤਿਗੁਰੂ ਜੀ ਨੇ ਮਿਥੀ ਹੈ।

ਕਹਿਣ ਤੋਂ ਭਾਵ ਕਿ ਦਸਮ ਜੋਤ 'ਕਲਗੀਆਂ ਵਾਲੇ' ਤਾਂ ਕੀ 'ਪਹਿਲੀ ਜੋਤ' ਸਤਿਗੁਰੂ ਨਾਨਕ ਦੇਵ ਜੀ ਤੋਂ ਕਿਸੇ ਸਤਿਗੁਰੂ ਜੀ ਨੇ ਅਪਨਾ ਨਾਮ ਨਹੀਂ ਜਪਾਇਆ। ਪੁਰਾਤਨ ਜਨਮ ਸਾਖੀ ਵਿਚ ਹਵਾਲਾ ਆਉਂਦਾ ਹੈ ਕਿ ਸਤਿਗੁਰੂ ਜੀ ਨੇ ਮੋਦੀਖਾਨੇ ਦਾ ਕੰਮ ਕਰਦਿਆਂ 'ਤੇਰਾ... ...ਤੇਰਾ... ...ਤੇਰਾ... ... ਤੇਰਾ' ਦੀ ਹੀ ਰਟ ਲਗਾਈ। ਉਹਨਾਂ ਨੇ ਪਹਿਲੇ ਅਵਤਾਰਾਂ ਦੇ 'ਮੈਂ ਮੇਰੀ ਦੇ ਖਿਆਲਾਂ ਨੂੰ ਤਾਂ ਮਿਟਾਉਣੀ ਸੀ ਨਾਲ ਹੀ ਉਨ੍ਹਾਂ ਨੇ ਭਾਈ ਸਾਹਿਬ ਗੁਰਦਾਸ ਜੀ ਦੇ ਕਥਨ ਅਨੁਸਾਰ, ਸਿਧਾਂ ਦੇ ਪ੍ਰਸ਼ਨਾਂ ਦੇ ਉਤਰ ਦਿੰਦਿਆਂ 'ਗੁਰ ਸੰਗਤ ਬਾਣੀ ਬਿਨਾ, ਦੂਜੀ ਓਟ ਨਹੀ ਹੈ ਰਾਈ' ਹੀ ਦਸਕੇ ਕੇਵਲ ਇਕ ਇਕ ਨਿਰਾਕਾਰ ਜੋਤ ਨੂੰ ਆਪਣਾ ਆਸਰਾ, ਆਪਣਾ ਸਭ ਕੁਝ ਹੀ ਮੰਨਿਆ ਅਤੇ 'ਮਨਸੁਖ ਹੋਇਆ ਬੰਦੇ ਦਾ ਬੰਦਾ' ਭੀ ਕਿਹਾ ਜਦੋਂ ਕਿ ਸ੍ਰੀ ਕ੍ਰਿਸ਼ਨ ਜੀ ਆਦਿ ਨੇ ਗੀਤਾ ਵਰਗੇ ਗ੍ਰੰਥਾਂ ਵਿਚ:—

'ਯਦਾ ਯਦਾ ਹਿ ਧਰਮਰਯ ਗਲਾਨਿ ਭਵਤਿ ਭਾਰਤ।'

ਅਦਿ ਵਾਲੇ ਸਲੋਕਾਂ ਵਿਚ 'ਮੈਂ ਹੀ ਮੈਂ ਹੂੰ' ਅਹੰ ਬ੍ਰਹਮਸਮੀ (ਮੈਂ ਬ੍ਰਹਮ ਹੂੰ)' ਦੀ ਰਟ ਲਗਾਈ।

ਠੀਕ ਇਸ ਨਿਰਾਕਾਰ ਜੋਤ ਦੇ ਉਪਾਸ਼ਕ ਹੋਣ ਦੇ ਸਿਧਾਂਤ ਦਾ ਪ੍ਰਚਾਰ—

'ਜੋਤਿ ਓਹਾ ਜੁਗਤਿ ਸਾਇ'

ਵਾਲੇ ਦਸ ਗੁਰੂ ਸਾਹਿਬਾਨ ਕਰਦੇ ਰਹੇ ਅਤੇ ਅਖੀਰ ਤੇ 'ਮੈਂ ਮੇਰੀ' ਦੇ ਭੇਦ ਨੂੰ ਮਿਟਾਵਣ ਲਈ 'ਤੂੰ ਤੂੰ' 'ਤੇਰਾ ਤੇਰਾ' ਕਰਨ ਲਈ, ਇਕ ਅਕਾਲ ਦੇ ਉਪਾਸ਼ਕ ਬਣਾਉਣ ਲਈ ਸਾਨੂੰ ਸੰਸਾਰੀ ਜੀਵਾਂ ਨੂੰ 'ਸ਼ਬਦ (ਬਾਣੀ) ਗੁਰੂ' ਦੇ ਲੜ ਲਾਇਆ।

ਇਸੇ ਸਿਧਾਂਤ ਨੂੰ ਮੁਖ ਰਖ ਕੇ ਬਾਅਦ ਵਿਚ ੧੯ਵੀਂ ਸਦੀ ਦੇ ਕਿਸੀ ਕਵੀ ਨੇ—

ਵਾਹਿਗੁਰੂ ਨਾਮ ਜਹਾਜ਼ ਹੈ'
ਚੜ੍ਹੇ ਸੁ ਉਤਰੇ ਪਾਰ॥
ਜੋ ਸ਼ਰਧਾ ਕਰਕੇ ਸੇਂਵਦੇ,
ਗੁਰ ਪਾਰ ਉਤਾਰਨਹਾਰ॥'

ਵਾਲਾ ਸਲੋਕ ਰਚ ਕੇ ਪ੍ਰਚਾਰਿਆ। ਭਾਵ ਕਿ ਸਤਿਗੁਰੂਆਂ ਨੇ ਕਦੇ ਭੀ ਆਪਣਾ ਨਾਮ ਨਹੀਂ ਜਪਾਇਆ ਸਗੋਂ ਭਾਈ ਸਾਹਿਬ ਗੁਰਦਾਸ ਜੀ ਨੇ ਅਪਨਾ ਨਾਮ ਜਪਾਵਣ ਹਾਰਿਆਂ ਨੂੰ 'ਹਉਮੈ ਅੰਦਰ ਕਾਰ ਵਿਕਾਰੇ' ਹੀ ਦਸਦਿਆਂ ਗੁਰਸਿਖ ਨੂੰ 'ਵਾਹਿਗੁਰੂ ਗੁਰਮੰਤਰ ਹੈ, ਜਪ ਹਉਮੈ ਖੋਈ' ਦਾ ਹੀ ਗੁਰ ਦਸਿਆ।

ਅਜ ਕਲ ਇਸ ਸਿਧਾਂਤ ਦੇ ਟੋਟੇ ਟੋਟੇ ਕਰਦਿਆਂ ਨਿਰੀ ਮਨਮਤ ਘੁਸੇੜ ਕੇ 'ਵਾਹਿਗੁਰੂ ਨਾਮ' ਦੀ ਥਾਂ 'ਨਾਨਕ ਨਾਮ' ਜਹਾਜ਼ ਹੈ' ਪਦ ਵਰਤਣਾ ਕੀ ਗੁਰਮਤਿ ਅਨਕੂਲ ਹੈ ?

## ਫਿਲਮ ਦੀ ਕਹਾਣੀ ਬਾਰੇ

ਅਜ ਤਕ ਇਸ ਲੇਖਕ ਨੇ ਕਦੇ ਕੋਈ ਫਿਲਮ ਨਹੀਂ ਵੇਖੀ ਪ੍ਰੰਤੂ ਸਮੁਚੇ ਤੌਰ ਤੇ ਇਸ ਫਿਲਮ ਦੀ ਕਹਾਣੀ ਬੜੀ ਪਰੇਰਨਾ ਪੂਰਬਕ ਹੈ ਚੰਗਾ ਹੁੰਦਾ ਜੇ ਇਹ ਮੌਜੂਦਾ ਪੰਜਾਬ ਦੀ ਕੋਈ ਸਮਾਜਕ ਫਿਲਮ ਹੁੰਦੀ ਕਿਉਂਕਿ ਇਸ ਵਿਚ ਧਾਰਮਿਕਤਾ ਵਾਲੇ ਕੋਈ ਖਾਸ ਗੁਣ ਨਹੀਂ, ਜਿਹੜੇ ਇਕ ਦੋ ਹਨ ਜੇਕਰ ਉਹ ਭੀ ਨ ਹੁੰਦੇ ਤਾਂ 'ਨਾਨਕ ਨਾਮ ਜਹਾਜ਼ ਹੈ' ਨਾਮ ਦਿਤਾ ਹੀ ਨਹੀਂ ਸੀ ਜਾ ਸਕਦਾ।

ਇਸ ਫਿਲਮ ਦੇ ਸ਼ੁਰੂ ਵਿਚ ਜਿਤਨਾ ਚਿਰ ਫਿਲਮ ਚਲਦੀ ਰਹੇ ਹਾਲ ਵਿਚ 'ਸਿਗਰਟ ਨਾ ਪੀਣ' ਦਾ ਹੁਕਮ ਇਕ ਸਲਾਈਡ ਰਾਹੀਂ ਕੁਝ ਮਿੰਟਾਂ ਲਈ ਦਿਖਾਇਆ ਜਾਂਦਾ ਹੈ ਪਰ ਸ਼ੋਕ ਕਿ ਬਾਅਦ ਦੀਆਂ ਸਲਾਈਡਾਂ ਵਿਚ ਤੰਬਾਕੂ ਅਤੇ ਸਿਗਰਟ ਪੀਣ ਦਾ ਪ੍ਰਚਾਰ ਖੂਬ ਕੀਤਾ ਜਾਂਦਾ ਹੈ। ਕੀ ਇਹ 'ਨਾਨਕ ਨਾਮ ਜਹਾਜ਼ ਹੈ' ਫਿਲਮ ਦਾ ਆਰੰਭ ਹੈ ? ਲੇਖਕ ਨੂੰ ਤਾਂ ਸਚ ਮੁਚ ਇਹ ਸਲਾਈਡਾਂ ਦੇਖਦੇ ਹੀ ਉਸੀ ਵੇਲੇ ਸਖਤ ਰੋਸ ਪ੍ਰਗਟ ਕਰਨ ਲਈ ਜੋਸ਼ ਉਠਦਾ ਸੀ ਪਰੰਤੂ ਆਪਣੇ ਖਿਆਲਾਤਾਂ ਵਿਚ ਇਕਲਾ ਹੋਣ


www.AKJ.Org

ਕਾਰਨ 'ਜੋਸ਼ ਨਾਲ ਹੋਸ਼' ਭੀ ਜ਼ਰੂਰੀ ਸਮਝੀ ਪਰ ਇਸ ਬਾਰੇ ਅਖੌਤੀ ਮੁਖ ਨੇਤਾਵਾਂ ਤੇ ਜਥੇ-ਬੰਦੀਆਂ ਨੇ ਕੀ ਕੀਤਾ ?

ਮੈਨੂੰ ਕਿਸੀ ਸਜਣ ਨੇ ਦਸਿਆ ਕਿ ਇਹ ਸਲਾਈਡਾਂ ਕੇਵਲ ਪੈਸੇ ਕਮਾਉਣ ਖਾਤਰ ਦਿਖਾਈਆਂ ਜਾਂਦੀਆਂ ਹਨ ਪਰ ਸਵਾਲ ਹੈ ਕਿ ਜੇਕਰ ਪੈਸੇ ਇਹਨਾਂ ਸਲਾਈਡਾਂ ਤੋਂ ਕਮਾਏ ਜਾ ਸਕਦੇ ਹਨ ਤਾਂ ਅਖੌਤੀ ਧਾਰਮਿਕ ਫਿਲਮ ਦੀ ਕੀ ਲੋੜ ਹੈ ਕੀ ਇਸ ਧਾਰਮਿਕ ਫਿਲਮ ਦੇ ਨਾਲ ਇਹ ਸਲਾਈਡਾਂ ਸਾਡੇ ਧਰਮ ਨੂੰ ਖੁਲ੍ਹਾ ਚੈਲੰਜ ਨਹੀਂ?

ਫਿਲਮ ਅਰੰਭ ਹੋਣ ਵੇਲੇ 'ਗੁਰੂ ਨਾਨਕ ਪੰਜ ਸੋ ਸਾਲਾ ਪ੍ਰਕਾਸ਼ ਉਤਸ਼ਵ ਸਮੇਂ ਹੋਏ ਸਮਾਗਮਾਂ ਦੇ ਪ੍ਰਭਾਵਸ਼ਾਲੀ ਦ੍ਰਿਸ਼ਾਂ ਵਿਚ ਗੁਰੂ ਨਾਨਕ ਮਿਸ਼ਨ 'ਤੂੰ ਤੇਰਾ' ਦੀ ਥਾਂ 'ਮੇਂ ਮੇਰੀ' ਦਾ ਪ੍ਰਚਾਰ ਵਧੇਰੇ ਕੀਤਾ ਗਿਆ ਹੈ।

ਫਿਲਮ ਵਿਚ ਇਕ ਬੱਚੇ ਦਾ ਨਾਮ ਰਖਣ ਸਮੇਂ ਜੋ ਗੁਰਦਵਾਰਾ ਸਾਹਿਬ ਦਾ ਦਰਿਸ਼ ਦਿਖਾ-ਇਆ ਗਿਆ ਹੈ ਉਸ ਵਿਚ ਕਾਫ਼ੀ ਲੋਕ ਮੋਨੇ (ਭਾਵ ਸਿਰੋਂ ਨੰਗੇ) ਬੈਠੇ ਸਾਫ਼ ਦਿਖਦੇ ਹਨ । ਕੀ ਇਹ ਸਾਡੇ ਜਾਗਤ ਜੋਤ ਸਤਿਗੁਰੂ ਦੀ ਘੋਰ ਬੇਅਦਬੀ ਨਹੀਂ ? ਕੀ ਇਹ ਸਾਡੀ ਧਰਮ ਪ੍ਰਚਾਰ ਲਈ ਬਣੀ ਫ਼ਿਲਮ ਹੈ ?

ਇਸ ਤੋਂ ਬਾਅਦ ਤਕਰੀਬਨ ਪੰਦਰਾਂ ਵੀਹ ਮਿੰਟ ਜੋ ਡਾਂਸ ਆਦਿ ਦਿਖਾਏ ਗਏ ਉਸੀ ਸਮੇਂ ਇਸ ਲੇਖਕ ਨੇ ਨਾਲ ਦੇ ਸਾਥੀਆਂ ਨੂੰ ਕਿਹਾ ਕਿ ਕੀ ਇਹ 'ਨਾਨਕ ਨਾਮ ਜਹਾਜ਼ ਫਿਲਮ ਹੈ? ਕੀ ਮੈਂ ਧਾਰਮਿਕ ਫਿਲਮ ਦੇਖ ਰਿਹਾ ਹਾਂ ? ਇਸ ਲੇਖਕ ਨੇ ਉਸੇ ਵੇਲੇ ਮਨ ਵਿਚ ਪਸ਼ਚਾਤਾਪ ਕੀਤਾ, ਜੋ ਕਿ ਸਤਿਗੁਰੂ ਕਰੇ ਹਮੇਸ਼ਾਂ ਹੀ ਮਨ ਤੇ ਭਾਰੂ ਰਹੇ । ਸ਼ਾਇਦ ਇਹੋ ਜਿਹੇ ਨੰਗੇਜ਼ਵਾਦ ਤੇ ਰੰਗੀਨ ਮਹਿ-ਫਲਾਂ ਤੋਂ ਸਤਿਗੁਰੂ ਜੀ ਨੇ ਸਿਖ ਨੂੰ ਬਚਾਉਣ ਲਈ ਭਾਈ ਜੋਗਾ ਸਿੰਘ ਜੀ ਨਾਲ ਕੌਤਕ ਵਰਤਾ ਕੇ 'ਐਸ਼ ਇਸ਼ਰਤਾਂ' ਦੇ ਵਹਿਣ ਵਿਚ ਰੁੜੇ ਜਾਣ ਵਾਲੇ ਆਪਣੇ ਸਿੱਖ ਦੀ ਪੱਤ ਰਖੀ ਅਤੇ ਹੁਕਮ ਕੀਤਾ ਸੀ:--

'ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਉ ਆਵਤ ਲਾਜਾ ॥'

ਕੇਂਦਰੀ ਸਿਖ ਅਜਾਇਬ ਘਰ ਅੰਮ੍ਰਿਤਸਰ ਵਿਚ ਮੌਜੂਦਾ ਆਰਟਿਸਟਾਂ ਦੀਆਂ ਫੋਟੋਆਂ ਵਿਚ ਪੁਰਾਤਨ ਸਿੰਘਣੀਆਂ ਦੇ ਕੁਰਬਾਨੀਆਂ ਦੇ ਹਾਲਾਤ ਵੇਖਦਿਆਂ ਕਿਸ ਦੇ ਨੇਤ੍ਰ ਸਜਲ ਹੋਏ ਬਿਨਾਂ ਰਹਿ ਸਕਦੇ ਹਨ ? ਵੇਖਣ ਵਾਲੀ ਗਲ ਹੈ ਕਿ ਕੀ ਸਿੰਘ ਤੇ ਕੀ ਸਿੰਘਣੀ ? ਸਭ 'ਸਾਬਤ ਸੂਰਤ ਦਸਤਾਰ ਸਿਰਾ' ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਇਸ ਮਿਸ਼ਨ ਦਾ ਪ੍ਰਚਾਰ ਕਰਨ ਵਾਲੇ ਹਨ :—

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ'

ਪਰ ਇਸ ਫਿਲਮ ਵਿਚ ਪੇਸ਼ ਹੋਏ ਅਖਾਉਤੀ ਸਿਖ ਐਕਟਰ ਇਸ ਸੰਦੇਸ਼ ਦੇ ਬਿਲਕੁਲ ਉਲਟ ਪ੍ਰਚਾਰ ਕਰਨ ਵਾਲੇ ਹਨ। ਇਨ੍ਹਾਂ ਨਾਲ ਕੀ ਉਪਨਾਮ ਵਰਤਾ ? ਕੁਛ ਕਹਿ ਨਹੀਂ ਸਕਦਾ।

ਗੁਰਮਤਿ ਸੰਗੀਤ ਦੇ ਖੋਜੀ ਅਛੀ ਤਰ੍ਹਾਂ ਜਾਣਦੇ ਹਨ ਕਿ ਸਿਖਾਂ ਵਿਚ ਪਹਿਲੇ ਸਤਿਗੁਰੂ ਜੀ ਵੇਲੇ ਪ੍ਰਧਾਨ ਤੰਤੀ ਸਾਜ਼ 'ਰਬਾਬ' ਸੀ। ਪੰਜਵੀਂ ਪਾਤਸ਼ਾਹੀ ਵੇਲੇ 'ਸਿਰੰਦਾ' ਆ ਗਿਆ। ਛੇਵੇਂ ਸਤਿਗੁਰੂ ਜੀ ਵੇਲੇ 'ਤਾਊਸ' ਅਤੇ 'ਦਿਲਰੁਬਾ' ਭੀ ਸ਼ਾਮਲ ਹੋ ਗਏ। ਇਸੀ ਸਮੇਂ ਤੇ ਢਾਡੀ ਸਿੰਘਾਂ ਨੇ ਵਾਰਾਂ ਗਾਉਣ ਲਈ 'ਸਰੰਗਾ' ਵਰਤੋਂ ਵਿਚ ਲਿਆਂਦਾ। ਇਹੀ ਸਾਜ਼ ਹਮੇਸ਼ਾਂ ਲਈ ਸਿਖੀ ਵਿਚ ਪ੍ਰਚਲਤ ਰਹੇ।

ਜਦੋਂ ਬਾਅਦ ਵਿਚ ਮੱਸੇ ਰੰਗੜ ਨੇ ਸ੍ਰੀ ਦਰਬਾਰ ਸਾਹਿਬ ਜੀ ਤੇ ਕਬਜ਼ਾ ਕੀਤਾ ਤਾਂ ਉਸ ਦੀਆਂ ਰੰਗੀਨ ਮਹਿਫਲਾਂ ਵਿਚ ਵੇਸ਼ਵਾਵਾਂ ਦੇ ਨਾਚ ਗਾਣੇ ਸਮੇਂ 'ਸਰੰਗੀ' ਸਾਜ਼ ਦੀ ਵਰਤੋਂ ਕੀਤੀ ਗਈ। ਉਸੀ ਸਮੇਂ ਸਿੰਘਾਂ ਨੇ ਰੇਗਸਤਾਨ ਵਿਚੋਂ ਉਠ ਕੇ ਮੱਸੇ ਦਾ ਸਿਰ ਵੱਢਿਆ ਇਹ ਸਾਡੇ ਇਤਿਹਾਸ ਦੀ ਮਾਣ ਯੋਗ ਘਟਨਾ ਹੈ।

ਅਜ ਇਸ ਫਿਲਮ ਵਿਚ ਇਕ ਥਾਂ 'ਗੁਰ



www.AKJ.Org

ਸੰਗਤ' ਦਾ ਦ੍ਰਿਸ਼ ਦਿਖਾਦਿਆਂ ਫਿਰ ਉਹੀ ਸਾਜ਼ 'ਸਰੰਗੀ' ਵਜਾਈ ਗਈ ? ਇਹਨਾਂ ਦਾ ਅਮੀਂ ਸਿੰਘਾਂ ਨੇ ਕੀ ਹਾਲ ਕੀਤਾ ? ਕੀ ਕੋਈ ਹੈ ਇਸ ਸਿੰਘਾਂ ਦੇ ਨਿਰਾਲੇ ਪੰਥ ਨੂੰ ਜਗਾਏ ?

ਇਸ ਫਿਲਮ ਵਿਚ ਜਿਵੇਂ ਇਕ ਨੌਜਵਾਨ ਗੁਰਮਤਿ ਸਿੰਘ ਦੀ ਮੰਗਣੀ ਤੇ ਵਿਆਹ ਦੀ ਕਹਾਣੀ ਦਰਸਾਈ ਗਈ ਹੈ ਕੀ ਇਸ ਨੂੰ ਵੇਖ ਕੇ ਕੋਈ ਪੰਜਾਬੀ ਆਪਣੀ ਪੁਰਾਤਨ ਸਭਿਅਤਾ ਤੇ ਮਾਣ ਕਰ ਸਕਦਾ ਹੈ ? ਕੀ ਕੋਈ ਇਹ ਆਵਾਜ਼ ਉਠਾਉਣ ਜੋਗਾ ਹੈ ਕਿ ਅੱਜ ਨੌਜਵਾਨ ਤਬਕੇ ਵਿਚ ਧਾਰਮਿਕਤਾ ਦਾ ਪ੍ਰਚਾਰ ਕਰੋ, ਉਹਨਾਂ ਵਿਚ ਐਸ਼-ਇਸ਼ਰਤ ਲਈ ਵਧ ਰਹੀ ਰੁਚੀ ਨੂੰ ਘਟਾਉਣ ਦਾ ਪ੍ਰਚਾਰ ਕਰੋ ?

ਅਜ ਤਕ ਸਿਖ ਧਰਮ ਦਾ ਨਿਯਮ ਹੈ ਕੋਈ ਉੱਚੇ ਤੋਂ ਉੱਚਾ ਸਿਖ ਘਰਾਣਾ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕੀਤੇ ਪ੍ਰਣ ਨਹੀਂ ਤੋੜ ਸਕਿਆ । ਖਾਸ ਕਰਕੇ ਅਨੰਦ ਕਾਰਜ ਦੀਆਂ ਰਸਮਾਂ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਹੁੰਦੀਆਂ ਹੀ ਇਸ ਕਰਕੇ ਹਨ ਕਿ ਇਹ ਸੰਬੰਧ ਟੁਟ ਨ ਸਕਣ ਜਾਂ ਕੋਈ ਅਨੰਦ ਕਾਰਜ ਕਰਾਉਣ ਵਾਲੇ ਨੂੰ ਔਕੜ ਪੇਸ਼ ਆਵੇ ਤਾਂ ਸਤਿਗੁਰੂ ਜੀ ਦਾ ਹੀ ਆਸਰਾ ਓਟ ਲਿਆ ਜਾਵੇ । ਪਰ ਕੀ ਸਪਸ਼ਟ ਤੌਰ ਤੇ ਇਸ ਫਿਲਮ ਵਿਚ ਗੁਰਮਤਿ ਅਨੁਸਾਰ ਅਨੰਦ ਕਾਰਜ ਕਰਵਾਣ ਵਾਲੇ ਜੋੜੇ ਦਾ ਆਪਸੀ ਰਿਸ਼ਤਾ ਹੁਣ ਪੱਕਾ ਹੈ ? ਜੇ ਨਹੀਂ, ਤਾਂ ਕੀ ਇਸ ਨੂੰ ਸਪਸ਼ਟ ਕੀਤਾ ਜਾਵੇਗਾ ? ਨਹੀਂ ਤਾਂ ਕੀ ਸਾਡੀ 'ਪਾਵਨ ਜੋਤ' 'ਪਰਤਖ ਹਰਿ ਮੂਰਤਿ' ਦਾ ਸਾਰ ਸ਼ਬਦਾਂ ਵਿਚ ਗੁਰਮਤਿ ਸਿਧਾਂਤਾਂ ਦਾ ਸ੍ਵਾਂਗ ਉਤਾਰ ਕੇ ਇਥੇ ਸਾਡਾ ਮਖੌਲ ਨਹੀਂ ਉਡਾਇਆ ਗਿਆ ?

ਇਸ ਮੰਗਣੀ, ਅਨੰਦ ਕਾਰਜ ਅਤੇ ਉਸ ਤੋਂ ਥੋੜੀ ਦੇਰ ਬਾਅਦ ਦੇ ਸ਼ੋਅ ਨੂੰ ਮੁਖ ਰਖ ਕੇ ਹੀ ਸ਼ਾਇਦ ਸਵਰਗੀ ਨੇਤਾ ਮਾਸਟਰ ਤਾਰਾ ਸਿੰਘ ਜੀ ਨੇ ਆਪਣੀ ਇਕ ਪੁਸਤਕ ਵਿਚ ਲਿਖਿਆ ਹੈ ਕਿ ਹਰ ਇਨਸਾਨ ਜਦੋਂ ਉਹ ਚਾਲੀ ਸਾਲ ਦੀ ਉਮਰ ਦਾ ਹੋ ਜਾਵੇ ਤਾਂ ਹੀ ਉਸ ਨੂੰ ਫਿਲਮ ਦੇਖਣੀ ਚਾਹੀਦੀ ਹੈ। ਕਿਉਂਕਿ ਉਹਨਾਂ ਦਾ ਕਹਿਣਾ ਸੀ ਕਿ 40 ਸਾਲ ਦੀ ਉਮਰ ਹੁੰਦੇ ਹੀ ਹਰ ਇਨਸਾਨ ਦੇ ਬਚੇ ਛੋਟੀ ਦਸ ਬਾਰਾਂ ਦੇ ਸਾਲ ਦੀ ਉਮਰ ਦੇ ਹੁੰਦੇ ਹਨ । ਉਹ ਬਚਿਆਂ ਤੋਂ ਸ਼ਰਮ ਖਾ ਕੇ ਫਿਲਮ ਨਹੀਂ ਵੇਖ ਸਕੇਗਾ, ਕਿਉਂਕਿ ਜੇਕਰ ਉਹ ਜਾਏਗਾ ਤਾਂ ਛੋਟੀ ਉਮਰ ਦੇ ਬੱਚੇ ਭੀ ਨਾਲ ਹੀ ਤਿਆਰ ਹੋਣਗੇ। ਅਤੇ ਜਦੋਂ ਬੱਚੇ ਚਾਲੀ ਸਾਲ ਦੀ ਉਮਰ ਦੇ ਹੋਣਗੇ ਉਦੋਂ ਅਗੇ ਉਹਨਾਂ ਦੇ ਬਚੇ...... । ਇਸ ਤਰ੍ਹਾਂ ਇਨਸਾਨ ਜ਼ਿੰਦਗੀ ਵਿਚ ਫਿਲਮਾਂ ਵੇਖ ਹੀ ਨਹੀਂ ਸਕੇਗਾ ।

ਇਹੀ ਕਾਰਣ ਸੀ ਕਿ ਮਾਸਟਰ ਜੀ ਨੇ ਨਾ ਤਾਂ ਆਪ ਸਾਰੀ ਉਮਰ ਕੋਈ ਫਿਲਮ ਵੇਖੀ ਨਾ ਉਹਨਾਂ ਨੇ ਇਹੋ ਜਿਹੀ ਕੋਈ ਫਿਲਮ ਬਣਨ ਦੀ ਆਗਿਆ ਦਿਤੀ ਜਦੋਂ ਕਿ ਉਦੋਂ ਭੀ ਮਹਾਰਾਜਾ ਰਣਜੀਤ ਸਿੰਘ ਜੀ ਤੇ ਇਕ ਫਿਲਮ ਬਨਾਉਣ ਵਾਲਿਆਂ ਨੂੰ ਦਰਬਾਰ ਸਾਹਿਬ ਵਿਚ ਸ਼ੂਟਿੰਗ ਕਰਨ ਸਮੇਂ ਵਡੇ ਵਡੇਰਿਆਂ ਦੇ ਦਸੇ ਅਨੁਸਾਰ ਸੰਗਤਾਂ ਤੋਂ ਲਾਹਨਤਾਂ ਖਾ ਕੇ ਮੁੜਨਾ ਪਿਆ ਸੀ । ਪਰ ਅਜ ਸ੍ਰੀ ਸਾਹਿਬ ਵਿਚ ਸਪਸ਼ਟ ਇਸ ਫਿਲਮ ਦੀ ਸ਼ੂਟਿੰਗ ਕੀਤੀ ਗਈ । ਕੋਈ ਹੈ ਸੀ ਇਹਨਾਂ ਨੂੰ ਰੋਕਣ ਵਾਲਾ ?

ਸਿਖ ਬੁਤ ਪੂਜ ਨਹੀਂ ਹੈ ਪਰ ਇਸ ਫਿਲਮ ਵਿਚ ਦਿਖਾਣ ਵਾਲਿਆਂ ਨੂੰ ਕਈ ਥਾਵਾਂ ਤੇ ਸਿਖ ਗੁਰੂ ਸਾਹਿਬਾਨ ਦੀਆਂ ਫੋਟੋਆਂ ਅਗੇ ਮੱਥੇ ਟੇਕਦਿਆਂ, ਅਰਦਾਸ ਕਰਦਿਆਂ ਦਿਖਾਇਆ ਗਿਆ ਹੈ ।

ਇਕ ਪਾਸੇ ਉਹੀ ਸ਼ਰਧਾਵਾਨ ਗੁਰੂ ਕਾ ਕੀਰਤਨੀਆ, ਮਾਇਆ ਤੋਂ ਨਿਰਲੇਪ ਦਿਖਾਇਆ ਗਿਆ ਹੈ ਦੂਜੇ ਪਾਸੇ ਉਹੀ ਭੰਗੜੇ ਪਾਉਂਦਾ ਅਤੇ ਪਤਾ ਨਹੀਂ ਕੀ ਕੀ ਕੁਝ ਕਰਦਾ ਦਿਖਾਇਆ ਗਿਆ ਹੈ ?

ਇਕ ਪਾਸੇ ਉਹੀ ਔਰਤਾਂ ਸ਼ਰਧਾਵਾਨ ਹਨ ਦੂਜੇ ਪਾਸੇ ਉਹਨਾਂ ਦਾ ਫੈਸ਼ਨ ਹਦ ਦਰਜੇ ਦਾ, ਇਥੋਂ



www.AKJ.Org

ਤਕ ਕਿ ਜੋਦੜੀਆਂ ਕਰਦਿਆਂ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਖੇ ਆਖਰੀ ਸਮੇਂ ਭੀੜੇ ਲਿਬਾਸ ਕਾਰਨ ਚੌਕੜੀ ਭੀ ਨਹੀਂ ਮਾਰ ਸਕੀਆਂ ਸਗੋਂ ਉਥੇ ਗੋਡੇ ਪਰਨੇ ਬੈਠ ਕੇ ਜਿਵੇਂ ਕੋਈ ਨਾਟਕ ਰਚਣ ਲਗੀਆਂ ਹਨ, ਹੀ ਮਾਲੂਮ ਹੁੰਦੀਆਂ ਹਨ ਜਾਂ ਗੁਰਸੰਗਤ ਨਹੀਂ ਕਿਸੇ ਰੰਗੀਨ ਮਹਿਫ਼ਲ ਵਿਚ ਬੈਠੀਆਂ ਜਾਪਦੀਆਂ ਹਨ ।

ਇਸ ਵਿਲਮ ਦੇ ਫੈਸ਼ਨ, ਸੰਗੀਤ, ਸਿਖ ਅਸੂਲਾਂ ਦੀ ਉਲੰਘਣਾ ਤੇ ਸਿਖ ਮੁਖੀ ਜਥੇਬੰਦੀਆਂ ਨੇਤਾਵਾਂ ਨੇ ਜੋ ਪ੍ਰਵਾਨਗੀ ਦਾ ਲੇਬਲ ਲਗਾਇਆ ਹੈ (ਜੋ ਇਸ ਫਿਲਮ ਦੇ ਆਰੰਭ ਵਿਚ ਦਿਖਾਇਆ ਜਾਂਦਾ ਹੈ) ਇਹ ਪ੍ਰਗਟ ਕਰਦਾ ਹੈ ਕਿ ਮੌਜੂਦਾ ਸਿਖਾਂ ਦੀ ਸ਼ਰੋਮਣੀ ਸੰਸਥਾ ਅਕਾਲ ਤਖਤ ਦੇ ਸਤਿਕਾਰ ਯੋਗ ਜਥੇਦਾਰ ਸਾਹਿਬ ਜੀ ਨੇ ਮੌਜੂਦਾ ਫੈਸ਼ਨ ਤੇ ਐਸ਼ ਇਸ਼ਰਤ ਖੁਲ ਕੇ ਪ੍ਰਵਾਨਗੀ ਦੇ ਦਿਤੀ ਹੈ। ਇਸ ਤੋਂ ਵਧ ਸਾਡੀ ਕੌਮ ਦੀ ਬਦ ਕਿਸਮਤੀ ਦੀ ਹੋਰ ਗੱਲ ਕੀ ਹੋ ਸਕਦੀ ਹੈ ?

ਫਿਰ ਇਸ ਵਿਲਮ ਵਿਚ ਗੁਰਧਾਮ ਯਾਤਰਾ ਸਮੇਂ ਗੱਡੀ ਬਿਆਸ ਦਰਿਆ ਦੇ ਪੁਲ ਤੋਂ ਲੰਘਦੀ ਦਿਖਾਈ ਜਾਂਦੀ ਹੈ ਪਰ ਉਥੇ ਆ ਜਾਂਦਾ ਹੈ ਗੁਰਦਵਾਰਾ ਤਰਨਤਾਰਨ ਸਾਹਿਬ, ਫਿਰ ਗੁਰਦਵਾਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ, ਫਿਰ ਗੁਰਦਵਾਰਾ ਗੋਇੰਦਵਾਲ ਸਾਹਿਬ ਤੇ ਫਿਰ ਗੁਰਦਵਾਰਾ ਬੀੜ ਸਾਹਿਬ ? ਕੀ ਇਹ ਤਰਤੀਬ ਪਰਵਾਨ ਕਰਨ ਵਾਲੇ ਵਿਦਵਾਨ ਸਜਨਾਂ ਨੇ ਕਦੇ ਖ਼ੁਦ ਗੁਰਧਾਮ ਯਾਤਰਾ ਨਹੀਂ ਕੀਤੀ ?

## ਕੁਝ ਐਕਟਰ, ਐਕਟਰਸਾਂ ਤੇ ਧਰਮ ਪ੍ਰਚਾਰ ਬਾਰੇ

ਸਿਖ ਧਰਮ ਇਕ ਅਮਲੀ ਜੀਵਨ ਵਾਲਾ ਧਰਮ ਹੈ । ਇਸ ਵਿਚ ਪ੍ਰਵੇਸ਼ ਕਰਨ ਵਾਲੇ ਬੰਦੇ ਲਈ 'ਸਿਰ ਧਰਿ ਤਲੀ ਗਲੀ ਮੇਰੀ ਆਉ' ਅਤੇ 'ਜੋ ਲੜੇ ਦੀਨ ਕੇ ਹੇਤ' ਦੀਆਂ ਮੁਖ ਸ਼ਰਤਾਂ ਹਨ । ਭਾਵ ਇਸ ਧਰਮ ਦਾ ਹਰ ਬੰਦਾ Practical Life ਵਾਲਾ ਹੋਣਾ ਜ਼ਰੂਰੀ ਹੈ। ਸਾਡੇ ਮੌਜੂਦਾ ਧਰਮ ਪ੍ਰਚਾਰ ਦੀ ਗਿਰਾਵਟ ਦਾ ਕਾਰਨ ਹੀ ਸਾਡਾ ਅਮਲੀ ਜੀਵਨ ਨਾ ਹੋਣਾ ਹੈ, ਧਰਮ ਪ੍ਰਚਾਰਕਾਂ ਦਾ 'ਮੈਂ ਮੇਰੀ' ਵਿਚ ਲਗ ਕੇ ਹਰ ਵੇਲੇ ਰਾਜਨੀਤਕ ਲਾਭ ਪ੍ਰਾਪਤ ਕਰਨਾ ਨਿਸ਼ਾਨਾ ਹੋਣਾ ਹੀ ਹੈ ।

ਇਸ ਫਿਲਮ ਦੇ ਅੰਤ ਵਿਚ ਇਹ ਕਿਹਾ ਜਾਂਦਾ ਹੈ ਕਿ ਅਸੀਂ ਆਪਣਾ ਤਦ ਹੀ ਇਹ ਯਤਨ (ਫਿਲਮ ਬਣਾਉਣ ਦਾ) ਸਫਲ ਸਮਝਾਂਗੇ ਜੇਕਰ ਕੋਈ ਨਾਸਤਕ ਬੰਦਾ ਇਹ ਫਿਲਮ ਦੇਖ ਕੇ ਇਸ ਦਰ ਤੇ ਆ ਪਿਆ ।

ਯਾਦ ਰਖੋ ! ਜਿਨ੍ਹਾਂ ਫਿਲਮੀ ਐਕਟਰਾਂ ਦੇ ਆਪਣੇ ਜੀਵਨ ਠੀਕ ਨਹੀਂ ਉਹਨਾਂ ਨੇ ਦੂਜਿਆਂ ਤੇ ਕੀ ਅਸਰ ਕਰਨਾ ਹੈ ।

16 ਜੁਲਾਈ 1970 ਦੇ 'ਅਜੀਤ' ਰੋਜ਼ਾਨਾ ਦੇ ਪਰਚੇ ਵਿਚ ਪਹਿਲੇ ਸਫ਼ੇ ਤੇ ਇਸ ਲੇਖਕ ਦੀ ਅਚਾਨਕ ਨਜ਼ਰ ਜਾ ਪਈ ਜਿਸ ਵਿਚ ਇਸ ਫਿਲਮ ਦੀ ਇਕ ਮੁਖ ਐਕਟਰੈਸ ਦੇ ਨਾਲ ਇਕ ਇੰਟਰਵਿਯੂ ਛਾਪਿਆ ਗਿਆ ਹੈ ਜਿਸ ਵਿਚ ਸਪਸ਼ਟ ਹੈ ਕਿ ਉਹ ਐਕਟਰੈਸ (ਉਸ ਨੂੰ ਕੀ ਇਕ ਮੌਜੂਦਾ ਸਿਖਣੀ ਦਾ ਖਿਤਾਬ ਦਿਤਾ ਜਾਵੇ) ਇਕ ਸ਼ਰਾਬ ਦੇ ਮੁਹਿਖਾਨੇ ਵਿਚ ਨੰਗੇਜ਼ ਵਿਚ ਨੱਚ ਕੇ ਬਾਹਰ ਇੰਟਰਵਿਯੂ ਦੇਣ ਲਈ ਨਿਕਲੀ। ਉਸ ਦਾ ਕਹਿਣਾ ਸੀ :— 'ਤੁਸੀਂ ਜਿਸ ਨੂੰ 'ਨਾਨਕ ਨਾਮ ਜਹਾਜ਼ ਹੈ' ਵਿਚ ਇਕ ਧਾਰਮਿਕ ਸ਼ਰਧਾ ਵਾਲੀ ਗੁਰੂ ਘਰ ਨਾਲ ਅਪਾਰ ਸ਼ਰਧਾ ਰਖਣ ਵਾਲੀ ਔਰਤ ਦੇ ਰੂਪ ਵਿਚ ਦੇਖਿਆ ਸੀ ਜਿਸ ਦੇ ਸਿਦਕ ਅਗੇ ਕੁਦਰਤੀ ਤਾਕਤਾਂ ਨੂੰ ਵੀ ਸਿਰਵਾਨ ਹੋਣਾ ਪਿਆ, ਅਜ ਉਸੇ... ... ...ਨੂੰ ਤੁਸੀਂ ਇਕ ਸ਼ਰਾਬੀਆਂ ਦੀ ਮਹਿਫਲ ਵਿਚ ਦੇਖ ਰਹੇ ਹੋ, ਜੋ ਆਪਣੇ ਬਦਨ ਦੇ ਪ੍ਰਦਰਸ਼ਨ ਨਾਲ ਉਹਨਾਂ ਦੀ ਸ਼ਰਾਬ ਦੀ ਮਸਤੀ ਨੂੰ ਹੋਰ ਗੂੜਾ ਬਣਾ ਰਹੀ ਹੈ ।



www.AKJ.Org

ਕੀ ਇਹੋ ਜਿਹੇ ਐਕਟਰ, ਐਕਟਰਸਾਂ ਹੀ ਸਾਡੇ ਧਰਮ ਦੇ ਪ੍ਰਚਾਰਕ ਹਨ। ਕੀ ਇਸੇ ਰੰਗੀਨ ਮਹਿਫਲਾਂ ਵਾਲੀ ਐਕਟਰੈਸ ਨੂੰ ਹੀ ਸਾਡੇ ਧਾਰਮਿਕ ਆਗੂਆਂ ਨੇ ਸ੍ਰੀ ਦਰਬਾਰ ਸਾਹਿਬ ਵਿਚ ਸਿਰੋਪਾਉ ਭੇਟ ਨਹੀਂ ਕੀਤੇ ?

ਕੀ ਇਹੀ ਸਾਡੀ ਧਰਮ ਨਾਲ 'ਸਚੀ ਪ੍ਰੀਤ' ਹੈ ? 'ਸਚਾ ਇਸ਼ਕ ਹੈ ?

ਕਿਸੀ ਵਿਦਵਾਨ ਨੇ ਸਚ ਕਿਹਾ ਸੀ 'ਗੁਰਦਵਾਰੇ ਪਕੇ ਹੋ ਰਹੇ ਹਨ, ਧਰਮ ਕੱਚਾ ਹੁੰਦਾ ਜਾ ਰਿਹਾ ਹੈ, ਗੁਰਦਵਾਰੇ ਕਚੇ ਸਨ ਉਦੋਂ ਧਰਮ ਪੱਕਾ ਸੀ।' ਕੀ ਇਹ ਕਥਨ ਠੀਕ ਨਹੀਂ ?

ਇਤਿਹਾਸ ਵਿਚ ਸਿੰਘਾਂ ਦੀ ਗਿਣਤੀ ਘਲੂਘਾਰਿਆਂ ਤੋਂ ਬਾਦ ਨਾਮ ਮਾਤਰ ਹੀ ਲਿਖੀ ਹੈ ਪਰੰਤੂ ਅਮਲੀ ਪ੍ਰਚਾਰਕ ਜੀਵਨ ਕਾਰਨ ਸਿਖਾਂ ਨੂੰ ਭੀ ਰਾਜ ਭਾਗ ਪ੍ਰਾਪਤ ਹੋਇਆ। ਉਦੋਂ ਹੀ ਸਰਦਾਰਾਂ ਦੀਆਂ ਮਹਿਫਲਾਂ, ਐਸ਼ ਇਸ਼ਰਤ ਤੇ ਫਿਰ ਕੀ ਹੋਇਆ... ... ... ... ...ਬਰਬਾਦੀ।

ਕੀ ਅਜ ਫਿਰ ਉਹੀ ਹਾਲ ਨਹੀਂ ?

ਪਰ ਇਕ ਗਲ ਨਿਸਚੇ ਹੈ 'ਸਿਖੀ ਗੁਰੂ ਦੀ ਹੈ, ਗੁਰੂ ਇਸ ਦਾ ਰਾਖਾ ਹੈ।'

ਇਸ ਫਿਲਮ ਦੇ ਐਕਟਰ ਪੰਜਾਬੀ ਭਾਵੇਂ ਹੋਣ ਸਿਖ ਨਹੀਂ। ਕੀ ਬਣਾਉਟੀ ਦਾੜੀਆਂ ਲਗਾ ਕੇ ਸਿਖੀ ਦਾ ਸ੍ਵਾਂਗ ਨਹੀਂ ਉਤਾਰਿਆ ਗਿਆ।

ਮੌਜੂਦਾ ਸਮੇਂ ਵਿਚ ਧਰਮ ਪ੍ਰਚਾਰ ਲਈ ਫਿਲਮਾਂ ਬਣਨ ਜਾਂ ਨ ਬਣਨ ? ਬਣਨ ਤਾਂ ਕਿਹੋ ਜਿਹੀਆਂ ਬਣਨ ? ਕੀ ਸਚਮੁਚ ਫਿਲਮਾਂ ਬਿਨਾਂ ਧਰਮ ਪ੍ਰਚਾਰ ਨਹੀਂ ਹੋ ਸਕਦਾ ? ਇਹ ਫੈਸਲੇ ਕਰਨੇ ਵਿਦਵਾਨਾਂ ਦਾ ਕੰਮ ਹੈ।

ਪਰ ਉਪਰੋਕਤ ਤਰਾਂ ਦੀਆਂ ਫਿਲਮਾਂ ਬਣ ਸਕਦੀਆਂ ਹਨ ਜਾਂ ਨਹੀਂ ? ਅਗੋਂ ਬਣਨੀਆਂ ਚਾਹੀਦੀਆਂ ਹਨ ਜਾਂ ਨਹੀਂ ? ਇਸ ਸਬੰਧੀ ਵਿਦਵਾਨਾਂ ਨੂੰ ਆਪਣੀ ਰਾਇ ਛੇਤੀ ਪਰਗਟ ਕਰਨੀ ਚਾਹੀਦੀ ਹੈ ਕਿਉਂਕਿ ਕਈ ਹੋਰ ਸਿਖ ਜੀਵਨ ਤੇ ਫਿਲਮਾਂ ਬਣਨ ਦੇ ਆਵਾਜ਼ੇ ਆ ਰਹੇ ਹਨ।

# ਕੀਰਤਨ ਰੈਣ ਸਬਾਈ

**1.** ਭਾਈ ਗਿਆਨ ਸਿੰਘ ਸਿੰਦਰੀ ਸੂਚਨਾ ਦੇਂਦੇ ਹਨ ਕਿ ਸਤਿਗੁਰਾਂ ਦੀ ਕਿਰਪਾ ਨਾਲ ਭਾਈ ਗੁਲਾਬ ਸਿੰਘ ਜੀ ਨੂੰ ਰੈਣਸਬਾਈ ਕੀਰਤਨ ਦਾ ਪ੍ਰਵਾਹ ਚਲਾਉਣ ਦਾ ਉਦਮ ਬਖ਼ਸ਼ਿਆ ਹੈ। ਹਰ ਹਫ਼ਤੇ ਵੀਰਵਾਰ ਰਾਤ ਨੂੰ ਧੰਨਬਾਦ ਦੇ ਇਲਾਕੇ ਵਿਚ ਕੀਰਤਨ ਰੈਣਸਬਾਈ ਹੋ ਰਹੇ ਹਨ।

ਪਿਛੇ ਜਿਹੇ 16 ਜੁਲਾਈ ਨੂੰ ਸ: ਪ੍ਰਧਾਨ ਸਿੰਘ ਦੇ ਘਰ ਕੀਰਤਨ ਹੋਇਆ, ਜਿਸ ਵਿਚ ਦਾਸ (ਗਿਆਨ ਸਿੰਘ ਸਿੰਦਰੀ ਤੇ ਉਹਨਾਂ ਦੀ ਬੀਬੀ ਕਰਤਾਰ ਕੌਰ), ਭਾਈ ਜੋਗਿੰਦਰ ਸਿੰਘ ਡਿਗਵਾਡੀ, ਸ: ਪ੍ਰੀਤਮ ਸਿੰਘ ਧੰਨਬਾਦ ਤੇ ਬੀਬੀ ਮਨਮੋਹਨ ਕੌਰ ਜੀ ਨੇ ਹਿਸਾ ਲਿਆ ਤੇ ਸੰਗਤਾਂ ਨੇ ਇਲਾਹੀ ਬਾਣੀ ਦਾ ਰਸ ਮਾਣਿਆ।

**2.** ਸਰਬੱਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 22 ਅਗਸਤ 1970 ਦਿਨ ਸਨਿਚਰਵਾਰ ਦੀ ਰਾਤ ਨੂੰ ਦਾਸ ਦੇ ਗ੍ਰਹਿ ਵਿਖੇ ਰੈਣਸਬਾਈ ਕੀਰਤਨ ਹੋਣਾ ਨੀਅਤ ਹੋਇਆ ਹੈ। ਸੋ ਸਰਬੱਤ ਗੁਰੂ ਪਿਆਰੇ ਦਰਸ਼ਨ ਬਖਸ਼ ਕੇ ਧੰਨਵਾਦੀ ਬਣਾਨ।

ਦਾਸ—ਹਣਜੀਤ ਸਿੰਘ, ਮੁਲਾਂਪੁਰ ਗਰੀਬ ਦਾਸ

ਨੋਟ—ਮੁਲਾਂਪੁਰ ਚੰਡੀਗੜ੍ਹ ਤੋਂ ਤਿੰਨ ਮੀਲ ਤੇ ਹੈ। ਘੰਟੇ ਘੰਟੇ ਬਾਦ ਲੋਕਲ ਬਸਾਂ ਮਿਲਦੀਆਂ ਹਨ।

**ਰਿਸ਼ਤੇ ਨਾਤੇ**—ਇਕ ਤਿਆਰ ਬਰ ਸਿੰਘ ਉਮਰ 40 ਸਾਲ ਬੀ.ਐਸ.ਸੀ ਪਾਸ ਹੈ ਤੇ ਦਾਜ ਆਦ ਦਾ ਕੋਈ ਖ਼ਿਆਲ ਨਹੀਂ, 28 ਕਿਲੇ ਜ਼ਮੀਨ ਕਲਾਲ ਮਾਜਰੇ ਵਿਚ ਹੈ, ਲਈ ਤਿਆਰ ਬਰ ਤਿਆਰ ਸਿੰਘਣੀ ਦੀ ਲੋੜ ਹੈ।

ਪਤਾ—ਸੁਰਿੰਦਰ ਸਿੰਘ ਮਾਰਫ਼ਤ ਨਵਜੋਤ ਫ਼ਾਰਮ,
ਸ਼ਿਵਪੁਰਾ, ਅਕਾਲਗੜ੍ਹ, ਕੋਟਾ



www.AKJ.Org

# ਸਿੱਖੀ ਜੀਵਨ ਤੇ ਮਨ ਦਾ ਮੂਡ

(ਵਲੋਂ:—ਸ: ਗੁਰਚਰਨ ਸਿੰਘ ਜੀ ਪਟਿਆਲਾ)

ਸੰਸਾਰਕ ਕਾਰ-ਵਿਹਾਰ ਕਰਦਿਆਂ ਤੇ ਆਮ ਜੀਵਨ ਵਿਚ ਵਿਚਰਦਿਆਂ ਅਸੀਂ ਬਹੁਤੇ ਕੰਮ ਲੋਕ ਲਾਜ ਕਰਕੇ ਜਾਂ ਮਨ ਦੀ ਖੁਸ਼ੀ ਲਈ ਕਰਦੇ ਹਾਂ। ਮਨ ਦੀ ਖੁਸ਼ੀ ਨੂੰ ਮਨ ਦੀ ਮੌਜ ਜਾਂ ਮਨ ਦਾ ਮੂਡ ਵੀ ਕਿਹਾ ਜਾਂਦਾ ਹੈ। ਸਾਧਾਰਨ ਜ਼ਿੰਦਗੀ ਗੁਜ਼ਾਰਦਿਆਂ ਸੰਸਾਰਕ ਮਨੁਖ ਇਹ ਕਹਿੰਦਾ ਆਮ ਸੁਣੀਦਾ ਹੈ "ਮੇਰਾ ਮੂਡ ਬਣ ਗਿਆ ਹੈ ਕਿ ਪਿਕਚਰ ਦੇਖ ਆਈਏ। ਮੇਰਾ ਮੂਡ ਹੁਣ ਪੜ੍ਹਨ ਦਾ ਨਹੀਂ, ਸਗੋਂ ਹੌਲੀਆਂ ਗਲਾਂ ਕਰਨ ਦਾ ਹੈ। ਮੇਰਾ ਮੂਡ ਹੁਣ ਗਾਣੇ ਸੁਣਨ ਦਾ ਹੈ।" ਅਜਿਹੀਆਂ ਗੱਲਾਂ ਜਾਂ ਅਜਿਹੇ ਸ਼ੌਕ ਸਾਧਾਰਨ ਮਨੁੱਖ ਮਨ ਦੇ ਮੂਡ ਦੇ ਅਧੀਨ ਕਰਦੇ ਹਨ।

ਪਰ ਪ੍ਰਸ਼ਨ ਉਠਦਾ ਹੈ ਕਿ ਕੀ ਸਾਧਾਰਨ ਮਨੁਖ ਤੇ ਗੁਰੂ ਦੇ ਸਿਖ ਵਿਚ ਮਨ ਦੇ ਮੂਡ ਦੇ ਪੱਖ ਤੋਂ ਕੋਈ ਫ਼ਰਕ ਹੈ।

ਥੋੜੇ ਦਿਨ ਹੋਏ ਮੈਨੂੰ ਹਰਦੁਆਰ ਇਕ ਸਿੰਘ ਦੇ ਘਰ ਜਾਣ ਦਾ ਮੌਕਾ ਮਿਲਿਆ। ਭਾਵੇਂ ਉਸ ਸਿੰਘ ਦੀ ਸਿੰਘਣੀ ਤਿਆਰ-ਬਰ-ਤਿਆਰ ਸੀ ਤੇ ਨਿਤਨੇਮ ਤੋਂ ਬਿਨਾ ਸੁਖਮਨੀ ਸਾਹਿਬ ਵੀ ਰੋਜ਼ ਪੜ੍ਹਦੀ ਸੀ ਪਰ ਉਸ ਸਿੰਘ ਸਾਹਿਬ ਦਾ ਦਾੜ੍ਹਾ ਬੰਨ੍ਹਿਆ ਹੋਇਆ ਸੀ ਤੇ ਚਿਟੇ ਵਾਲਾਂ ਨੂੰ ਲਕੋ ਕੇ ਚੰਗਾ ਅਪ-ਟੂ-ਡੇਟ ਬਣਿਆ ਹੋਇਆ ਸੀ।

ਮੇਰੇ ਪੁਛਣ ਤੇ ਕਿ ਕੀ ਤੁਸੀਂ ਕੇਵਲ ਡੀਊਟੀ ਉਤੇ ਹੀ ਦਾੜ੍ਹਾ ਬੰਨ੍ਹਦੇ ਹੋ? ਉਨ੍ਹਾਂ ਉਤਰ ਦਿਤਾ ਕਿ ਜ਼ਰੂਰੀ ਨਹੀਂ, ਮੈਂ ਖੋਲ ਕੇ ਵੀ ਚਲਾ ਜਾਂਦਾ ਹਾਂ। ਬੰਨ ਕੇ ਵੀ ਚਲਾ ਜਾਂਦਾ ਹਾਂ, ਕਈ ਵਾਰੀ ਦਾੜ੍ਹਾ ਖੋਲ੍ਹ ਕੇ ਤੇ ਖੰਡਾ ਸਜਾ ਕੇ ਵੀ ਚਲਾ ਜਾਂਦਾ ਹਾਂ। ਇਹ ਤਾਂ ਮਨ ਦਾ ਮੂਡ ਹੈ ਕੋਈ ਬੰਦਸ਼ ਨਹੀਂ। ਭਾਵੇਂ ਮੈਂ ਉਸ ਸਿੰਘ ਦਾ ਉਤਰ ਸੁਣ ਕੇ ਬਹੁਤਾ ਹੈਰਾਨ ਤਾਂ ਨਾ ਹੋਇਆ, ਪਰ ਏਨਾਂ ਕੁ ਸੋਚੀਂ ਪੈ ਗਿਆ ਕਿ ਕੀ ਗੁਰੂ ਦੇ ਸਿੰਘ ਵੀ ਆਮ ਸੰਸਾਰੀਆਂ ਤਰ੍ਹਾਂ ਮਨ ਦੇ ਮੂਡ ਦੇ ਮਗਰ ਲਗ ਕੇ ਹੀ ਕੰਮ ਕਰਦੇ ਹਨ? ਜੇ ਗੁਰੂ ਦੇ ਸਿੰਘ ਵੀ ਸਰੀਰਕ ਸਜਾਵਟ ਮਨ ਦੇ ਮੂਡ ਪਿਛੇ ਲਗ ਕੇ ਹੀ ਕਰਦੇ ਹਨ ਤਾਂ ਸੰਸਾਰੀ ਸਿਖਾਂ ਤੇ ਗੁਰੂ ਕੇ ਸਿਖਾਂ ਵਿਚ ਕੀ ਫ਼ਰਕ ਹੋਇਆ? ਉਂਜ ਤਾਂ ਗੁਰੂ ਦੀ ਮੱਤ ਧਾਰਨ ਕਰਨ ਵਾਲਾ ਉਹੀਉ ਸਿਖ ਬਣਦਾ ਹੈ, ਜਿਸ ਉਤੇ ਗੁਰੂ ਦੀ ਪੂਰਨ ਕਿਰਪਾ ਹੋਵੇ। ਅਸੀਂ ਕਲਜੁਗੀ ਜੀਵ ਸਦਾ ਹੀ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ ਸ਼ਿਕਾਰੀ ਰਹਿੰਦੇ ਹਾਂ, ਪਰ ਸਨਿਮ੍ਰ ਬੇਨਤੀ ਹੈ ਕਿ ਗੁਰੂ ਦੇ ਸਿੰਘ ਨੂੰ ਗ੍ਰਿਹਸਤੀ ਹੁੰਦਿਆਂ ਹੋਇਆਂ ਵੀ ਮਨ ਦੇ ਮੂਡ ਦੇ ਅਧੀਨ ਨਹੀਂ ਹੋਣਾ ਚਾਹੀਦਾ। ਜੇ ਗੁਰੂ ਦਾ ਸਿੰਘ ਵੀ ਮਨ ਦੇ ਮੂਡ ਦੇ ਅਧੀਨ—ਕਦੀ ਦਾੜ੍ਹਾ ਬੰਨ੍ਹ ਲਵੇ, ਕਦੀ ਖੋਲ੍ਹ ਲਵੇ, ਕਦੀ ਖੰਡਾ ਸਜਾ ਲਵੇ ਤ ਕਦੀ ਕਾਲਜ ਟਾਇਪ ਘੋਟਵੀਂ ਪੱਗ ਬੰਨ੍ਹ ਲਵੇ। ਕਦੀ ਚਾਹ ਪੀ ਲਵੇ। ਕਦੀ ਪਿਕਚਰ ਜਾ ਵੜੇ, ਤਾਂ ਆਮ ਸੰਸਾਰੀ ਤੇ ਸਿੰਘ ਵਿਚ ਕੀ ਫ਼ਰਕ ਹੋਇਆ? ਅਸਲ ਵਿਚ ਗੁਰੂ ਕੇ ਸਿਖ ਦਾ ਰਹਿਣ ਸਹਿਣ, ਫਿਰਨ ਤੁਰਨ, ਬੋਲਣ ਚਾਲਣ, ਖਾਣ ਪੀਣ ਸਭ ਕੁਝ ਸੰਜਮ ਵਿਚ ਹੁੰਦਾ ਹੈ, ਕਿਉਂਕਿ ਕੁਦਰਤ ਦੀ ਹਰ ਵਸਤੂ ਨਿਯਮ-ਬੱਧ ਹੈ ਤੇ ਗੁਰੂ ਦੇ ਸਿਖ ਦੀ ਹਰ ਗਲ ਵੀ ਨਿਯਮ-ਬੱਧ ਹੋਣੀ ਚਾਹੀਦੀ ਹੈ। ਗੁਰੂ ਦੀ ਸ਼ਰਨ ਆਉਣ ਤੋਂ ਭਾਵ ਹੀ ਸ੍ਵੈਮਤ ਤਿਆਗ ਕੇ ਗੁਰੂ ਦੀ ਮਤ ਅਨੁਸਾਰ ਜੀਵਨ ਨੂੰ ਨਿਯਮ-ਬੱਧ ਕਰਨਾ ਹੈ।



www.AKJ.Org

# ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਬਟਾਲਾ (ਜ਼ਿਲਾ ਗੁਰਦਾਸਪੁਰ) ਵਿਖੇ ਭਾਰੀ ਅਖੰਡ ਕੀਰਤਨ ਸਮਾਗਮ

ਪਿਆਰੀ ਸਾਧ ਸੰਗਤ ਜੀ,

ਹਰ ਸਾਲ ਬਟਾਲਾ ਜ਼ਿਲਾ (ਗੁਰਦਾਸਪੁਰ) ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਵਾਰ ਇਹ ਬੜੀ ਖੁਸ਼ੀ ਦੀ ਗਲ ਹੈ ਕਿ ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਪਟਿਆਲਾ, ਜਲੰਧਰ, ਲੁਧਿਆਣਾ, ਅੰਮ੍ਰਿਤਸਰ ਅਤੇ ਹੋਰ ਦੂਰ ਦੂਰ ਦੇ ਜਥਿਆਂ ਨੇ ਪਹੁੰਚਣ ਦੀ ਪ੍ਰਵਾਨਗੀ ਦੇ ਦਿਤੀ ਹੈ। ਇਸ ਵਿਚ ਕੁਝ ਕੀਰਤਨ ਸਮਾਗਮ ਬਟਾਲੇ ਤੋਂ ਬਾਹਰ ਡੇਹਰਾ ਬਾਬਾ ਨਾਨਕ ਅਤੇ ਅਚੱਲ ਬਟਾਲੇ ਭੀ ਹੋਣਗੇ ਜੋ ਕਿ ਇਤਿਹਾਸਕ ਗੁਰਦੁਵਾਰੇ ਹਨ। ਜਿਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਅਚੱਲ ਬਟਾਲੇ ਦੀ ਸਿਧਾਂ ਨਾਲ ਹੋਈ ਗੋਸ਼ਟ ਬਾਰੇ ਲਿਖਿਆ ਹੈ :—

ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚੱਲ ਬਟਾਲੇ ਆਈ।

ਅਚਲ ਸਾਹਿਬ ਬਟਾਲਾ ਤੋਂ ਸਾਡੇ 4 ਮੀਲ ਦੂਰ ਹੈ, ਆਉਣ ਜਾਣ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਗੁਰਦੁਆਰਾ ਕੰਧ ਸਾਹਿਬ ਜੋ ਬਟਾਲੇ ਵਿਖੇ ਹੀ ਹੈ। ਜਿਥੇ ਕਿ ਗੁਰੂ ਨਾਨਕ ਦੇਵ ਜੀ ਦਾ ਅਨੰਦ ਕਾਰਜ ਸੰਸਾਰ ਤੋਂ ਅਲੌਕਿਕ ਢੰਗ ਨਾਲ ਹੋਇਆ ਇਹ ਉਹ ਅਸਥਾਨ ਹੈ। ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਾਜ਼ਸ਼ ਅਧੀਨ ਬਿਠਾਇਆ ਗਿਆ ਉਸ ਕੰਧ ਨੂੰ 4 ਜੁਗ ਰਹਿਣ ਦਾ ਵਰ ਮਿਲਿਆ ਜੋ ਬਿਲਕੁਲ ਡਿਗਣ ਵਾਲੀ ਕੱਚੀ ਕੰਧ ਸੀ।

## ਡੇਹਰਾ ਬਾਬਾ ਨਾਨਕ

ਇਹ ਅਸਥਾਨ ਬਟਾਲੇ ਤੋਂ 18 ਮੀਲ ਪਾਕਿਸਤਾਨ ਸਰਹਦ ਉਤੇ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਤੇ ਰੰਧਾਵੇ ਨਾਲ ਗੋਸਟ ਕੀਤੀ ਅਤੇ ਗੁਰੂ ਨਾਨਕ ਦੇਵ ਜੀ ਦਾ ਚੋਲਾ ਭੀ ਇਥੇ ਮੌਜੂਦ ਹੈ ਜਿਸ ਦੇ ਦਰਸ਼ਨ ਭੀ ਸੰਗਤ ਨੂੰ ਕਰਾਏ ਜਾਣਗੇ। ਇਥੇ ਭੀ ਆਉਣ ਜਾਣ ਦਾ ਪ੍ਰਬੰਧ ਕੀਤਾ ਜਾਵੇਗਾ।

## * ਪ੍ਰੋਗਰਾਮ ਦਾ ਵੇਰਵਾ *

5-9-70 ਅੰਮ੍ਰਿਤ ਵੇਲੇ ਕੀਰਤਨ ਆਸਾ ਜੀ ਦੀ ਵਾਰ 5 ਵਜੇ ਤੋਂ 8 ਵਜੇ ਤਕ ਪੰਡਾਲ ਵਿਖੇ ਗੁਰੂ ਨਾਨਕ ਖਾਲਸਾ ਹਾਇਰ ਸੈਕੰਡਰੀ ਸਕੂਲ ਜੀ. ਟੀ. ਰੋਡ ਬਟਾਲਾ ਉਪਰੰਤ 8 ਵਜੇ ਪ੍ਰਾਰੰਭ ਸ੍ਰੀ ਅਖੰਡ ਪਾਠ

5-9-70 ਸ਼ਾਮ ਨੂੰ 7 ਤੋਂ 9-30 ਤਕ ਗੁਰਦੁਆਰਾ ਮੁਰਗੀ ਮਹਲਾ

6-9-70 ਡੇਹਰਾ ਬਾਬਾ ਨਾਨਕ ਆਸਾ ਜੀ ਦੀ ਵਾਰ ਅਤੇ ਅਖੰਡ ਕੀਰਤਨ 6 ਤੋਂ 12 ਵਜੇ ਦੁਪਹਿਰ ਤਕ

6-9-70 ਸ਼ਾਮ ਦਾ ਕੀਰਤਨ ਡੇਹਰਾ ਸਾਹਿਬ ਬਟਾਲਾਂ ਵਿਖੇ 7 ਤੋਂ 9-30

7-9-70 ਭੋਗ ਸ੍ਰੀ ਅਖੰਡ ਪਾਠ ਗੁਰੂ ਨਾਨਕ ਖਾਲਸਾ ਹਾਇਰ ਸੈਕੰਡਰੀ ਸਕੂਲ ਪੰਡਾਲ ਵਿਖੇ 5 ਵਜੇ ਪਵੇਗਾ। ਉਸ ਤੋਂ ਉਪਰੰਤ ਸੰਗਤਾਂ ਗੁਰਦੁਆਰਾ ਕੰਧ ਸਾਹਿਬ ਪਹੁੰਚਣਗੀਆਂ। ਜਿਥੇ 6 ਤੋਂ 12 ਤਕ ਕੀਰਤਨ ਹੋਵੇਗਾ। 7-9-70 ਸ਼ਾਮ ਦਾ ਕੀਰਤਨ 6 ਤੋਂ 9-30 ਅਚੱਲ ਸਾਹਿਬ ਹੋਵੇਗਾ।

8-9-70 ਕੀਰਤਨ ਆਸਾ ਜੀ ਦੀ ਵਾਰ ਪੰਡਾਲ ਗੁਰੂ ਨਾਨਕ ਸਕੂਲ ਵਿਖੇ 5 ਤੋਂ 12 ਵਜੇ ਤਕ

8-9-70 ਅਰੰਭ ਕੀਰਤਨ ਰੈਣ ਸਬਾਈ 8 ਵਜੇ ਸ਼ਾਮ ਤੋਂ 7 ਵਜੇ ਸਵੇਰ ਤਕ ਬਾਹਰੋਂ ਆਈਆਂ ਸੰਗਤਾਂ ਦੀ ਰਿਹਾਇਸ਼ ਗੁਰੂ ਨਾਨਕ ਖਾਲਸਾ ਸਕੂਲ ਵਿਖੇ ਹੋਵੇਗੀ।

ਪੁਛ ਗਿਛ ਲਈ—ਭਾਈ ਗੋਪਾਲ ਸਿੰਘ (ਕੜਾਈ ਵਾਲੇ) ਡੇਹਰਾ ਰੋਡ, ਬਟਾਲਾ।

ਦਾਸਰੇ—ਅਖੰਡ ਕੀਰਤਨੀ ਜਥਾ, (ਗੁਰਦਾਸਪੁਰ)



www.AKJ.Org




ਸਤਿਕਾਰ ਯੋਗ ਐਡੀਟਰ ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ ॥

ਫ਼ਤਹ ਉਪਰੰਤ ਬੇਨਤੀ ਹੈ ਜੀ ਕਿ **17-8-68** ਦੇ ਪਰਚੇ ਵਿਚ ਐਡੀਟਰ ਦੀ ਡਾਕ ਵਿਚ ਸ੍ਰੀਮਾਨ ਮਾਸਟਰ ਨਿਹਾਲ ਸਿੰਘ ਜੀ ਵਲੋਂ 'ਗੁਰਸਿਖ ਮੀਤ ਚਲਹੁ ਗੁਰ ਚਾਲੀ' ਦੇ ਸਿਰਲੇਖ ਹੇਠ 'ਰਹਾਉ' ਦੀ ਤੁਕ ਬਾਰੇ ਵਿਚਾਰ ਛਪੇ ਹਨ। ਉਹਨਾਂ ਪ੍ਰਥਾਇ ਕੁਝ ਦਾਸ ਦੇ ਮਨ ਵਿਚ ਵੀ ਵਿਚਾਰ ਫੁਰੇ ਹਨ ਜੋ ਹੇਠ ਲਿਖ ਰਿਹਾ ਹਾਂ ਜੇ ਕ੍ਰਿਪਾ ਕਰਕੇ ਛਾਪ ਦਿਓ ਤਾਂ ਧੰਨਵਾਦ। ਇਹ ਕਿਸੇ ਬਹਿਸ ਵਾਸਤੇ ਨਹੀਂ, ਸਗੋਂ ਸ਼ੰਕਾ ਨਵਿਰਤੀ ਵਾਸਤੇ ਹੈ।

(੧) ਗੁਰਬਾਣੀ ਵਿਚ ਬਹੁਤ ਸਾਰੇ ਸ਼ਬਦ, ਛੰਤ, ਅਸ਼ਟਪਦੀਆਂ, ਵਾਰਾਂ, ਸਲੋਕ ਤੇ ਪਉੜੀਆਂ ਅਜਿਹੇ ਵੀ ਮਿਲਦੇ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਜੀ ਨੇ 'ਰਹਾਉ' ਦੀ ਵਰਤੋਂ ਹੀ ਨਹੀਂ ਕੀਤੀ।

(੨) ਕਈ ਸ਼ਬਦਾਂ ਵਿਚ ਪਹਿਲੀ ਤੁਕ ਹੀ 'ਰਹਾਉ' ਦੀ ਤੁਕ ਹੈ ਤੇ ਕਈਆਂ ਵਿਚ ਦੂਜੀ ਜਾਂ ਤੀਜੀ ਤੇ ਕਈ ਸ਼ਬਦ ਅਜਿਹੇ ਵੀ ਮਿਲਦੇ ਹਨ ਜਿਥੇ ਸ਼ਬਦ ਦੀਆਂ ਪਹਿਲੀਆਂ ਚਾਰ ਤੁਕਾਂ ਤੋਂ ਬਾਦ 'ਰਹਾਉ' ਦੀ ਵਰਤੋਂ ਹੈ ਤੇ 'ਰਹਾਉ' ਤੋਂ ਮਗਰੋਂ ਕੇਵਲ ਇਕ ਹੀ ਤੁਕ ਹੁੰਦੀ ਹੈ। ਕਈ ਸ਼ਬਦਾਂ ਦੇ ਅੰਤ ਵਿਚ 'ਰਹਾਉ ਦੂਜਾ' ਵੀ ਪਾਠਕਾਂ ਨੇ ਪੜਿਆ ਹੋਵੇਗਾ।

(੩) 'ਰਹਾਉ' ਦੀ ਤੁਕ ਵਿਚ ਸ਼ਬਦ ਦਾ Central idea ਜਾਂ ਉਪਦੇਸ਼ ਦਾ ਹੋਣਾ ਕੋਈ ਜ਼ਰੂਰੀ ਨਹੀਂ। ਮਿਸਾਲ ਲਈ ਵੇਖੋ ਪ੍ਰਭਾਤੀ ਕਬੀਰ ਜੀ ਦਾ ਹੀ ਸ਼ਬਦ 'ਅਲਹੁ ਏਕ ਮਸੀਤ ਬਸਤ ਹੈ' ਇਹ ਸ਼ਬਦ 'ਅਵਲ ਅਲਾ ਨੂਰ' ਤੋਂ ਪਹਿਲਾਂ ਹੀ ਹੈ। ਇਸ ਸ਼ਬਦ ਦਾ Central idea ਹੈ:—'ਸਰਬ ਵਿਆਪਕ ਨਾਹ ਉਚੇਚਾ ਕਾਬੇ ਵਿਚ ਬੈਠਾ ਹੈ ਨਾਹ ਜਗਨ ਨਾਥ ਪੁਰੀ ਵਿਚ (ਕਿਸੇ ਦਸ਼ਾ ਵਿਚ ਸੀਮਿਤ ਨਹੀਂ) ਉਸ ਨੂੰ ਆਪਣੇ ਹਿਰਦੇ ਵਿਚ ਦੇਖੋ, ਇਹ ਹੀ ਉਸਦਾ ਮੁਕਾਮ ਹੈ।' ਤੇ ਉਪਦੇਸ਼:—'ਸਭ ਨਰ ਨਾਰੀਓ! ਇਕ ਪ੍ਰਭੂ ਦੀ ਸ਼ਰਨ ਆਵੋ, ਨਾਮ ਜਪੋ ਤਾਂ ਹੀ ਯਕੀਨੀ ਤੌਰ ਤੇ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੋਵੇਗਾ।' ਪਰ ਇਸ ਸ਼ਬਦ ਵਿਚ 'ਰਹਾਉ' ਦੀ ਤੁਕ ਹੈ 'ਅਲਹ ਰਾਮ ਜੀਵਉ ਤੇਰੇ ਨਾਈ॥ ਤੂ ਕਰ ਮਿਹਰਮਤ ਸਾਈ'।੧। ਰਹਾਉ।

ਪਾਠਕ ਜਨ ਸਮਝ ਗਏ ਹੋਣਗੇ ਜਾਂ ਸ਼ਬਦ ਪੂਰਾ ਪੜ੍ਹ ਕੇ ਆਪ ਵੇਖ ਲੈਣ ਕਿ ਸ਼ਬਦ ਦੇ ਸੈਂਟਰਲ ਆਈਡੀਏ ਦਾ 'ਰਹਾਉ' ਦੀ ਤੁਕ ਵਿਚ ਸੀਮਤ ਰਹਿਣਾ ਕੋਈ ਲਾਜ਼ਮੀ ਨਹੀਂ।

'ਅਵਲ ਅਲਹ ਨੂਰ ਉਪਾਇਆ' ਸ਼ਬਦ ਦਾ ਸੈਂਟਰਲ ਆਈਡੀਆ ਇਹ ਜਾਪਦਾ ਹੈ:—'ਇਕ ਪ੍ਰਭੂ ਹੀ ਸਭ ਜੀਵਾਂ ਦਾ ਸਿਰਜਨਹਾਰ ਹੈ' ਤੇ ਉਪਦੇਸ਼:—'ਭਰਮ ਤੋਂ ਰਹਿਤ ਹੋਵੋ, ਪ੍ਰਭੂ ਸਰਬ ਵਿਆਪਕ ਹੈ, ਮੰਨੋ ਤੇ ਕਿਸੇ ਨੂੰ ਮੰਦਾ ਨ ਆਖੋ।' ਇਥੇ ਵੀ ਨਾ ਉਪਦੇਸ਼ ਤੇ ਨਾ ਹੀ ਸੈਂਟਰਲ ਆਈਡੀਆ ਇਕ ਤੁਕ ਵਿਚ ਸੀਮਤ ਰਹੇ ਹਨ।



www.AKJ.Org

ਹੋਰ ਵੀ ਬਹੁਤ ਸਾਰੇ ਸ਼ਬਦ ਪੜ੍ਹਨ ਤੋਂ ਬਾਦ ਦਾਸ ਨੇ ਇਹ ਵਿਚਾਰ ਅੰਕਿਤ ਕੀਤੇ ਹਨ ਪਰ ਸਭ ਸ਼ਬਦਾਂ ਨੂੰ ਇਥੇ ਲਿਖਣ ਨਾਲ ਆਕਾਰ ਬਹੁਤ ਵਧ ਜਾਏਗਾ ਇਸ ਲਈ ਸੰਕੋਚ ਕਰਦਾ ਹਾਂ ਤੇ ਆਸ ਕਰਦਾ ਹਾਂ, ਪਾਠਕ ਜਨ ਖੁਦ ਮਿਹਨਤ ਕਰਨਗੇ ਇਹਨਾਂ ਵਿਚਾਰਾਂ ਦੀ ਘੋਖ ਘੋਖਣ ਲਈ।

**ਗੁਰਮਤਿ—** ਗੁਰੂ ਸਾਹਿਬ ਨੇ ਖ਼ੁਦ ਗੁਰਬਾਣੀ ਨੂੰ ਰਾਗ ਵਿਚ ਬਖ਼ਸ਼ਿਆ ਹੈ, ਪਰ ਇਹ ਬੰਦਸ਼ ਨਹੀਂ ਲਾਈ ਕਿ ਸ਼ਬਦ ਦੀ ਪਹਿਲੀ ਤੁਕ ਜ਼ਰੂਰੀ ਰਹਾਉ ਦੀ ਤੁਕ ਹੋਵੇ।

ਜਿਵੇਂ ਕਿਸੇ ਸ਼ਬਦ ਨੂੰ ਗਾਉਣਾ ਗੁਰੂ ਸਾਹਿਬ ਜੀ ਨੇ ਯੋਗ ਸਮਝਿਆ ਹੈ ਓਵੇਂ ਹੀ ਉਹਨਾਂ ਦਰਜ ਕਰ ਦਿਤਾ ਹੈ। ਜੇ ਗੁਰੂ ਸਾਹਿਬ ਨੇ ਰਹਾਉ ਦੀ ਤੁਕ ਤੋਂ ਸ਼ਬਦ ਅਰੰਭ ਕਰਨ ਦੀ ਬੰਦਸ਼ ਨਹੀਂ ਪਾਈ! ਤਾ ਸਾਨੂੰ ਵੀ ਬੰਦਸ਼ ਪਾਉਣੀ ਅਵਸ਼ਕ ਨਹੀਂ ਤੇ ਨਾਲੇ ਇਹ ਬੰਦਸ਼, ਬਹੁਤ ਸਾਰੀ ਬਾਣੀ, ਜਿਸ ਵਿਚ ਰਹਾਉ ਦੀ ਵਰਤੋਂ ਹੀ ਨਹੀਂ, ਉਤੇ ਲਾਗੂ ਹੋ ਹੀ ਨਹੀਂ ਸਕਦੀ, ਫਿਰ ਤਾ ਇਸ ਬੰਦਸ਼ ਦਾ ਗੁਰਮਤਿ ਅਨੁਸਾਰੀ ਲਾਜ਼ਮੀ ਹੋਣਾ ਵੀ...?

**ਰਾਗ ਦੇ ਪੱਖ ਤੋਂ—** ਦਾਸ ਨੇ ਰਾਗ ਦੇ ਪੱਖ ਤੋਂ ਵੀ ਵੀਚਾਰਿਆ ਹੈ। ਸ਼ਰੋਮਣੀ ਕਮੇਟੀ ਵਲੋਂ ਛਪੀ ਪੁਸਤਕ 'ਗੁਰਬਾਣੀ ਸੰਗੀਤ' ਪੜ੍ਹੀ ਹੈ, ਜਿਹੜੀ ਕਿ ਪ੍ਰਸਿਧ ਸਜਣ ਸ: ਗਿਆਨ ਸਿੰਘ ਜੀ ਐਬਟਾਬਾਦ (ਹਾਲ ਦਿਲੀ) ਵਾਲਿਆਂ ਨੇ ਲਿਖੀ ਵਿਚ ਅਸਥਾਈ ਤੇ ਅੰਤਰਿਆਂ ਸਹਿਤ ਅੰਕਿਤ ਹਨ। ਇਸ ਪੁਸਤਕ ਵਿਚ ਵੀ ਕੋਈ ਰਾਗ ਵਲੋਂ ਬਿਆਨ ਕੀਤੀ ਅਜਿਹੀ ਸੂਰਤ ਪੜ੍ਹਨ ਦੇਖਣ ਵਿਚ ਨਹੀਂ ਆਈ ਕਿ ਅਸਥਾਈ ਜ਼ਰੂਰੀ ਰਹਾਉ ਦੀ ਤੁਕ ਤੋਂ ਸ਼ੁਰੂ ਹੋਵੇ।

**ਸਾਰੰਸ਼—** ਉਪਰੋਕਤ ਦਲੀਲਾਂ ਵਿਚੋਂ ਕੋਈ ਇਕ ਵੀ ਗਾਉਂਦੀ ਤੁਕ ਤੋਂ ਸ਼ਬਦ ਆਰੰਭ ਕਰਨ ਦੀ ਬੰਦਸ਼ ਨਹੀਂ ਲਾਉਂਦੀ। ਫਿਰ ਸ਼ਬਦ ਸ਼ੁਰੂ ਕਿਥੋਂ ਕੀਤਾ ਜਾਏ ? ਜਿਥੋਂ ਗੁਰੂ ਸਾਹਿਬ ਨੇ ਸ਼ੁਰੂ ਕੀਤਾ ਹੋਵੇ। ਭਾਵੇਂ ਉਹ 'ਰਹਾਉ' ਦੀ ਤੁਕ ਹੋਵੇ ਜਾਂ ਨਾ ਹੋਵੇ ਤੇ ਸ਼ਬਦ ਦੇ ਮਜ਼ਮੂਨ ਨੂੰ ਸਮਝਿਆ ਜਾਵੇ ਤੇ ਉਪਦੇਸ਼ ਨੂੰ ਵੀ ਸਮਝਿਆ ਜਾਵੇ ਤੇ ਉਸ ਉਤੇ ਜ਼ੋਰ ਦੇਣ ਲਈ ਭਾਵੇਂ ਲੋੜੀਂਦੇ ਪ੍ਰਮਾਣ ਵਰਤੇ ਜਾਣ। ਜੇ ਸ਼ਬਦ ਵਿਚ ਇਕ ਤੁਕ ਉਪਦੇਸ਼ ਦੇ ਬਾਹਲੇ ਭਾਗ ਨੂੰ ਦ੍ਰਿੜਾ ਰਹੀ ਹੋਵੇ ਤਾਂ ਉਸਨੂੰ ਵੀ ਭਾਵੇਂ ਟੇਕ ਦੇ ਰੂਪ ਵਿਚ ਵਰਤਿਆ ਜਾਵੇ। ਅਜਿਹਾ ਕਰਨਾ ਵੀ ਕੀਰਤਨੀਏ ਦੀ ਸੂਝ ਤੇ ਖੋਜ ਦਾ ਸੂਚਕ ਹੈ, ਪਰ ਰਹਾਉ ਦੀ ਤੁਕ ਦੀ ਬੰਦਸ਼ ਨਹੀਂ।

ਦਾਸ—ਅਮਰੀਕ ਸਿੰਘ, ਬੜੋਦਾ

## ਉਤਰ :—

ਪਿਆਰੇ ਜੀਓ !

ਤੁਹਾਡੇ 'ਰਹਾਓ ਦੀ ਤੁਕ ਸਥਾਈ ਲਈ' ਬੇਨਤੀ ਹੈ ਕਿ ਇਸ ਮੁੜ ਨੂੰ ਸੁਰਾਹੇ ਪਾਣ ਦੇ ਉਪਰਾਲੇ ਲਈ ਧੰਨਵਾਦ। ਪਰ ਅਜੇ ਵਿਚਾਰ ਦੀ ਹੋਰ ਲੋੜ ਭਾਸਦੀ ਹੈ।


ਪਿਆਰੇ ਜੀਓ ! 'ਰਹਾਓ' ਦਾ ਅਰਥ ਹੈ 'ਟਿਕ ਜਾਉ'। ਇਹ ਸੂਚਨਾ ਸੰਗੀਤ ਕਾਰ ਜਾਂ ਕਥਾ ਕਰਨ ਵਾਲੇ ਲਈ ਖਿਆਲ ਦਾ ਗਭਲਾ ਭਾਵ ਦਰਸਾਂਦਾ ਹੈ। ਇਹ ਹੀ ਸੈਂਟਰਲ ਆਈਡੀਆ ਹੈ। ਸਥਾਈ ਇਹੋ ਹੈ ਸੰਗੀਤਕਾਰ ਲਈ ਗਾਣਾ ਤੇ ਕਥਾਕਾਰ ਲਈ ਇਸ ਤੁਕ ਤੋਂ ਕਥਾ ਅਰੰਭ ਕਰਨੀ ਯੋਗ ਹੈ ਜੋ ਬਹੁਤੇ ਸੂਝਵਾਨ ਮਾਨਯੋਗ ਕਥਾਕਾਰਾਂ ਨੂੰ ਕਰਦਿਆਂ ਸੁਣਿਆ ਹੈ।

ਕਿਤੇ ਕਿਤੇ ਇਕ ਤੋਂ ਮੱਧ ਰਹਾਉ ਹਨ। ਉਥੇ ਸ਼ਬਦ ਦੇ ਆਸ਼ੇ ਅਨੁਸਾਰ 'ਰਹਾਉ' ਦੀ ਸੂਚਨਾ ਅਨੁਸਾਰ ਸਥਾਈ ਬਦਲੋ। ਉਦਾਹਰਨ :— (ਬਾਕੀ ਦੇਖੋ ਸਫ਼ਾ ੨ ਲੇਖ-ਸੂਚੀ ਹੇਠਾਂ)



www.AKJ.Org

# ਗੁਰਮਤਿ ਸੰਗੀਤ ਕਲਾਸ ਸ੍ਰੀ ਗੁਰੂ ਹਰਿਗੋਬਿੰਦ ਜੀ ਹਾਈ ਸਕੂਲ ਅੰਬਾਲਾ ਸ਼ਹਿਰ



ਸਜੇ ਤੋਂ ਖਬੇ ਦੋਵੇਂ ਜਥਿਆਂ ਦੇ ਵਿਦਿਆਰਥੀ ਬੈਠੇ ਹਨ । ਜਿਨਾਂ ਗੁ: ਸੰਗੀਤ ਦਾ ਕੋਰਸ ਕੀਤਾ (੬ ਛੰਤ. ਸਲੋਕ, ਪਉੜੀਆਂ ਤੇ ਪੰਜ ਸਬਦ) ਆਸਾ ਦੀ ਵਾਰ ਲਾਣ ਲਈ । ਮਾਸਟਰ ਨਿਹਾਲ ਸਿੰਘ ਜੀ ਸਿਖਸ਼ਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਖਬੇ ਤੇ ਪਰਧਾਨ ਸਾਹਿਬ ਸ: ਹਰਨਾਮ ਸਿੰਘ ਜੀ ਸਜੇ ਬੈਠੇ ਹਨ। ਖੜਿਆਂ ਵਿਚੋਂ ਖਬੇ ਸ: ਰਾਮ ਸਿੰਘ ਜੀ ਇਨਸਪੈਕਟਰ ਸਕੂਲਜ਼ ਤੇ ਨਾਲ ਸ: ਮੋਹਨ ਸਿੰਘ ਜੀ ਮੈਨੇਜਰ ਸਕੂਲ ਹਨ । ਸਜੇ ਬੰਨੇ ਪਹਿਲੇ ਹੈਡਮਾਸਟਰ ਸ: ਦਿਲਬਾਗ ਸਿੰਘ ਜੀ ਤੇ ਤੀਜ ਸ: ਸੰਤੋਖ ਸਿੰਘ ਜੀ ਐਡਵੋਕੇਟ ਹਨ । (ਸੇਵਾ ਔ. ਮੈਂਬਰ ਇਨ. ਸੰ. ਸੈਂ. ਲੋ. ਕ. ਚੀ. ਖਾ. ਦੀਵਾਨ ਬੰਬਈ—੨੪.੪.੭੦ ਤੋਂ ੨੮.੬.੭੦)

www.AKJ.Org

'SURA' (Fourtnightly) PATIALA. Registred No. P. 79

# ਜੈਤਸਰੀ ਮਹਲਾ ੫ ਛੰਤ ਘਰ ੧

ੴ ਸਤਿਗੁਰ ਪ੍ਰਸਾਦਿ ॥

॥ ਸਲੋਕ ॥

ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤੁ ।
ਖੋਲਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗ ਮੀਤ ।੧।

॥ ਛੰਤ ॥

ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ।
ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ।
ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨ ਦੀਜੈ ।
ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ ।
ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ ।
ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ।੧।
ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ।
ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ ।
ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ।
ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ।
ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ ।
ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ ।੨।
ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ ।
ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ ।
ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ ।
ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗੁਣ ਨ ਪਛਾਣੇ ।
ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ ।
ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ ।੩।
ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ ।
ਵਰੁ ਲੋੜੀਦਾ ਆਇਆ ਵਜੀ ਵਾਧਾਈ ।
ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵਰੰਗੀਆ ।
ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤ ਸੰਗੀਆ ।
ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ ।
ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ ।੪।੨।

ਇਹ ਗੁਰਵਾਕ ਸੂਰਾ ਪ੍ਰੈਸ ਦੀ ਚੌਥੀ ਵਰ੍ਹੇਗੰਢ ਦੇ ਸੰਬੰਧ ਵਿਚ ਹੋਏ ਰੈਣ ਸਬਾਈ ਕੀਰਤਨ ਸਮਾਗਮ ਦੀ ਸਮਾਪਤੀ ਸਮੇਂ ਆਇਆ ।

www.AKJ.org